ੴ ਵਾਹਿਗੁਰੂ ਜੀ ਕੀ ਫ਼ਤਹ॥

ਖ਼ਾਲਸਾ ਅਖ਼ਬਾਰ

ਕੱਤਕ-ਮੱਘਰ, ਸੰਮਤ ਨਾਨਕਸ਼ਾਹੀ ੫੫੮ ਨਵੰਬਰ ੨੦੨੬ ਅੰਕ 5

ਸ੍ਰੀ ਗੁਰੂ ਨਾਨਕ ਦੇਵ ਜੀ



www.khalsaakhbaar.com

Fore More Information
Scan linktree QR Code



ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ

ਸੰਪਾਦਕ
ਗੁਰਪ੍ਰੀਤ ਸਿੰਘ

ਉਪ ਸੰਪਾਦਕ
ਮੇਜਰ ਸਿੰਘ

ਸੰਪਾਦਕ (ਅੰਗਰੇਜ਼ੀ ਸੈਕਸ਼ਨ)
ਮਨਪ੍ਰੀਤ ਕੌਰ

Published by
TAKHAT TAJ LTD
Company number 16282266

Our UK Bank Account Details:
Account Holder Name: TAKHAT TAJ LTD
Account Number: 50101915
Sort Code: 20-08-64

ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

ਤਤਕਰਾ

• ਮੰਘਿਰਿ ਮਾਹਿ ਸੋਹੰਦੀਆ...		੩
• ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ	-ਸ. ਗੁਰਪ੍ਰੀਤ ਸਿੰਘ	੪
• ਕਲਿ ਤਾਰਣ ਗੁਰੁ ਨਾਨਕ ਆਇਆ	-ਸ. ਬੀਰ ਦਵਿੰਦਰ ਸਿੰਘ	੬
• ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਲੱਖਣਤਾ	-ਡਾ. ਮਨਮੋਹਨ ਸਿੰਘ	੧੦
• ਗੁਰੁ ਨਾਨਕ ਜਗ ਮਾਹਿ ਪਠਾਇਆ	-ਸ. ਤੀਰਥ ਸਿੰਘ ਢਿੱਲੋਂ	੧੩
• ਬੰਦੀ ਛੋੜ ਦਿਹਾੜਾ (ਦੀਵਾਲੀ) ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	-ਸ. ਮੇਜਰ ਸਿੰਘ	੧੫
• ਸਿਮਰੌ ਸ੍ਰੀ ਹਰਿਰਾਇ	-ਗਿਆਨੀ ਸੰਤੋਖ ਸਿੰਘ	੧੮
• ਸ੍ਰੀ ਹਰਿਕ੍ਰਿਸ਼ਨ ਧਿਆਈਐ		੨੧
• ਭਾਈ ਮਰਦਾਨਾ ਜੀ	-ਸ. ਗੁਰਪ੍ਰੀਤ ਸਿੰਘ	੨੪
• ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ	-ਸ. ਅਵਤਾਰ ਸਿੰਘ	੨੫
• ਜਿੱਥੇ ਧਰਮ ਓਥੇ ਸੱਭੋ ਕੁਛ	-ਗਿਆਨੀ ਦਿੱਤ ਸਿੰਘ	੨੭
• ਮਰਜ਼ੀ ਮੇਰੀ ਸ਼ਕਤੀ ਤੇਰੀ	-ਡਾ. ਜਸਵੰਤ ਸਿੰਘ ਨੇਕੀ	੨੯
• ਗੁਰਬਾਣੀ ਦੇ ਪਰਕਾਸ਼ ਵਿੱਚ ਦੀਨ ਦੁਨੀਆ ਤੇਰੀ ਟੇਕ	-ਡਾ. ਸਰੂਪ ਸਿੰਘ ਅਲੱਗ	੩੧
• ਗੁਰੂ ਨਾਨਕ ਸ਼ਾਹ	-ਨਜ਼ੀਰ ਅਕਬਰਾਬਾਦੀ	੩੫
• ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ	-S. Gurpreet Singh	੩੧

ਮੱਘਰ ਮਹੀਨੇ ਦੀ ਵਿਚਾਰ

ਮੰਘਿਰਿ ਮਾਹਿ ਸੋਹੰਦੀਆ...

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੇ ਮਾਧਿਆਮ ਦੁਆਰਾ ਮੱਘਰ ਮਹੀਨੇ ਦੀ ਰੁੱਤ ਅਤੇ ਇਸ ਨਾਲ ਜੁੜੇ ਸੱਭਿਆਚਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਰੂਪੀ ਮੱਘਰ ਮਹੀਨਾ ਪ੍ਰਭੂ ਦੇ ਨਾਮ-ਸਿਮਰਨ ਅਤੇ ਸ਼ੁਭ ਅਮਲਾਂ ਦੁਆਰਾ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੱਘਰ ਮਹੀਨੇ ਦੀ ਠੰਡੀ ਮਿੱਠੀ ਬਹਾਰ ਵਿਚ ਉਹ ਜੀਵ-ਇਸਤਰੀਆਂ ਜੋ ਪ੍ਰਭੂ ਪਿਆਰ ਨਾਲ ਬੈਠੀਆਂ ਹਨ, ਉਹ ਸੋਭਦੀਆਂ ਹਨ। ਜਿਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਮ ਨਾਲ ਮੇਲ ਲਿਆ ਹੈ, ਉਨ੍ਹਾਂ ਦੀ ਸੋਭਾ ਕੀ ਕਹੀ ਜਾ ਸਕਦੀ ਹੈ? ਉਨ੍ਹਾਂ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਕੇ ਵਧਦਾ-ਫੁਲਦਾ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅਰੋਗ ਰਹਿੰਦੀਆਂ ਹਨ। ਗੁਰੂ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜੇ ਮਨੁੱਖਾਂ ਦੀ ਸੁਖਾਂਵੀ ਅਨੰਦਮਈ ਮਾਨਸਿਕ-ਆਤਮਿਕ ਅਵਸਥਾ ਦਰਸਾਉਣ ਮਗਰੋਂ ਉਸ ਦੇ ਸੱਚੇ ਨਾਮ ਨੂੰ ਭੁੱਲੇ ਹੋਏ ਮਨੁੱਖਾਂ ਦੀ ਦੁਖਦਾਇਕ ਹਾਲਤ ਦਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਚੰਗੀ ਸੰਗਤ ਤੋਂ ਬਾਹਰ ਜਾਂ ਦੂਰ ਰਹਿੰਦੀਆਂ ਹਨ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਭਾਵ ਉਨ੍ਹਾਂ ਨੂੰ ਪਿਆਰੇ ਪਰਮਾਤਮਾ ਦਾ, ਇਹ ਮਨੁੱਖਾ ਜਨਮ ਪਾ ਕੇ ਵੀ ਮਿਲਾਪ ਹਾਸਲ ਨਹੀਂ ਹੁੰਦਾ। ਉਹ ਦੁੱਖ ਦੀ ਦਲਦਲ ਵਿਚ ਹੀ ਫਸੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕੋਈ ਨਾ ਕੋਈ ਦੁੱਖ ਲੱਗਾ ਹੀ ਰਹਿੰਦਾ ਹੈ। ਉਹ ਜਮਾਂ ਭਾਵ ਸਰੀਰਕ ਮੌਤ ਦੇ ਸਹਿਮ ਦੇ ਕਾਬੂ 'ਚ ਹੁੰਦੀਆਂ ਹਨ। ਸਤਿਗੁਰੂ ਜੀ ਫਿਰ ਦੁਬਾਰਾ ਸਹੀ ਜੀਵਨ-ਮਾਰਗ 'ਤੇ ਤੁਰੀਆਂ ਜੀਵ-ਇਸਤਰੀਆਂ ਦੀ ਚੰਗੀ ਅਵਸਥਾ ਦਾ ਵਰਣਨ ਕਰਦਿਆਂ ਕਥਨ ਕਰਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੇ ਮਾਲਕ ਨੂੰ ਚਿਤਵਿਆ ਹੈ ਉਹ ਸੁਚੇਤ ਖੜ੍ਹੀਆਂ ਦਿੱਸਦੀਆਂ ਹਨ। ਕਹਿਣ ਤੋਂ ਭਾਵ ਉਹ ਵਿਕਾਰਾਂ ਤੇ ਔਗੁਣਾਂ ਤੋਂ ਸਦਾ ਬਚ ਕੇ ਰਹਿੰਦੀਆਂ ਹਨ। ਉਨ੍ਹਾਂ ਦੇ ਹਿਰਦੇ ਰੂਪੀ ਗਲੇ 'ਚ ਸਮਝੋ ਰਤਨਾਂ, ਜਵਾਹਰਾਂ ਤੇ ਲਾਲਾਂ ਦੇ ਹਾਰ ਸੋਭਦੇ ਹਨ। ਸਤਿਗੁਰੂ ਜੀ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਮਾਲਕ ਦੀ ਸ਼ਰਨ, ਉਹਦੇ ਦਰ 'ਤੇ ਪਿਆਂ ਹੋਇਆਂ ਦੀ ਚਰਨ-ਧੂੜ ਦੀ ਲੋਚਾ ਕਰੀਏ। ਜੇਕਰ ਜੀਵਨ-ਰੂਪੀ ਮੱਘਰ ਮਹੀਨੇ 'ਚ ਮਾਲਕ ਨੂੰ ਯਾਦ ਕਰ ਲਿਆ ਤਾਂ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਮਾਲਕ ਨਾਲ ਪੂਰਨ ਮਿਲਾਪ ਹੋ ਜਾਵੇਗਾ!

ਸੰਪਾਦਕੀ ਲੇਖ

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਅਤੇ ਵਿਸ਼ਵ ਦੇ ਮਹਾਨ ਅਧਿਆਤਮਕ ਰਹਿਬਰ ਸਨ। ਆਪ ਜੀ ਨੇ ਮਨੁੱਖਤਾ ਨੂੰ ਸੱਚ, ਪ੍ਰੇਮ, ਬਰਾਬਰੀ, ਦਇਆ ਅਤੇ ਸੇਵਾ ਦਾ ਮਾਰਗ ਦਿਖਾਇਆ। ਆਪ ਜੀ ਦੀਆਂ ਸਿੱਖਿਆਵਾਂ ਸਮੁੱਚੀ ਮਨੁੱਖਤਾ ਲਈ ਚਾਨਣ-ਮੁਨਾਰਾ ਹਨ। ਗੁਰੂ ਸਾਹਿਬ ਨੇ ਸਮਾਜ ਵਿੱਚ ਫੈਲੇ ਵਹਿਮਾਂ-ਭਰਮਾਂ, ਜਾਤ-ਪਾਤ, ਧਾਰਮਿਕ ਕੱਟੜਤਾ ਅਤੇ ਸਮਾਜਿਕ ਅਨਿਆਂ ਦਾ ਵਿਰੋਧ ਕਰਦਿਆਂ ਮਨੁੱਖ ਨੂੰ ਸੱਚਾ ਤੇ ਸੁਚੱਜਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਈਸਵੀ ਵਿੱਚ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ, ਜਿਸ ਨੂੰ ਅੱਜ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਆਪ ਜੀ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਮ ਮਾਤਾ ਤ੍ਰਿਪਤਾ ਜੀ ਸੀ। ਆਪ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਅਧਿਆਤਮਕ ਸ਼ਖ਼ਸੀਅਤ ਨੂੰ ਸਭ ਤੋਂ ਪਹਿਲਾਂ ਪਛਾਣਿਆ।

ਬਚਪਨ ਤੋਂ ਹੀ ਗੁਰੂ ਸਾਹਿਬ ਦਾ ਮਨ ਪਰਮਾਤਮਾ ਦੀ ਭਗਤੀ, ਸੱਚ ਦੀ ਖੋਜ ਅਤੇ ਮਨੁੱਖਤਾ ਦੀ ਸੇਵਾ ਵਿੱਚ ਲੱਗਾ ਰਹਿੰਦਾ ਸੀ। ਆਪ ਜੀ ਨੇ ਰਵਾਇਤੀ ਕਰਮਕਾਂਡਾਂ ਦੀ ਥਾਂ ਗਿਆਨ, ਸੱਚਾਈ ਅਤੇ ਨੇਕ ਕਰਮਾਂ ਨੂੰ ਮਹੱਤਵ ਦਿੱਤਾ। ਗੁਰੂ ਸਾਹਿਬ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ ਅਤੇ ਆਪ ਜੀ ਦੇ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਸਨ।

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸੱਚ ਦਾ ਸੰਦੇਸ਼ ਦੇਣ ਲਈ ਦੂਰ-ਦੂਰ ਤੱਕ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਯਾਤਰਾਵਾਂ ਦੌਰਾਨ ਆਪ ਜੀ ਨੇ ਵੱਖ-ਵੱਖ ਧਰਮਾਂ, ਵਿਚਾਰਧਾਰਾਵਾਂ ਅਤੇ ਸਮਾਜਾਂ ਦੇ ਲੋਕਾਂ ਨਾਲ ਸੰਵਾਦ ਕੀਤਾ। ਆਪ ਜੀ ਨੇ ਸਮਝਾਇਆ ਕਿ ਪਰਮਾਤਮਾ ਇੱਕ ਹੈ ਅਤੇ ਉਹ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ।

ਆਪ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਇੱਕ ਅਜਿਹਾ ਜੀਵਨ-ਮਾਡਲ ਸਥਾਪਿਤ ਕੀਤਾ, ਜਿੱਥੇ ਨਾਮ-ਸਿਮਰਨ, ਮਿਹਨਤ ਅਤੇ ਸਾਂਝ ਦੀ ਮਹੱਤਤਾ ਸੀ। ਇੱਥੇ ਸੰਗਤ ਅਤੇ ਪੰਗਤ ਦੀ ਪਰੰਪਰਾ ਰਾਹੀਂ ਸਮਾਨਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ!

ਜਾਤ-ਪਾਤ ਦਾ ਵਿਰੋਧ: ਗੁਰੂ ਸਾਹਿਬ ਨੇ ਸਾਰਿਆਂ ਮਨੁੱਖਾਂ ਨੂੰ ਬਰਾਬਰ ਮੰਨਿਆ। ਆਪ ਜੀ ਦੀ ਸਿੱਖਿਆ ਅਨੁਸਾਰ ਮਨੁੱਖ ਦੀ ਮਹਾਨਤਾ ਉਸ ਦੀ ਜਾਤ ਜਾਂ ਜਨਮ ਨਾਲ ਨਹੀਂ, ਸਗੋਂ ਉਸ ਦੇ ਕਰਮਾਂ ਨਾਲ ਹੁੰਦੀ ਹੈ।

ਇਸਤਰੀ ਦਾ ਸਤਿਕਾਰ: ਗੁਰੂ ਸਾਹਿਬ ਨੇ ਇਸਤਰੀ ਨੂੰ ਸਮਾਜ ਵਿੱਚ ਸਤਿਕਾਰਯੋਗ ਸਥਾਨ ਦੇਣ ਦੀ ਸਿੱਖਿਆ ਦਿੱਤੀ। ਆਪ ਜੀ ਨੇ ਇਸਤਰੀ ਪ੍ਰਤੀ ਵਿਤਕਰੇ ਵਾਲੀ ਸੋਚ ਨੂੰ ਚੁਣੌਤੀ ਦਿੱਤੀ।

ਵਹਿਮਾਂ-ਭਰਮਾਂ ਦਾ ਖੰਡਨ: ਗੁਰੂ ਸਾਹਿਬ ਨੇ ਬਾਹਰੀ ਦਿਖਾਵੇ ਅਤੇ ਕਰਮਕਾਂਡਾਂ ਦੀ ਥਾਂ ਸੱਚੇ ਆਚਰਨ, ਦਇਆ, ਨਿਮਰਤਾ ਤੇ ਮਨ ਦੀ ਪਵਿੱਤਰਤਾ ਨੂੰ ਮਹੱਤਵ ਦਿੱਤਾ।

ਆਪ ਜੀ ਦੀ ਬਾਣੀ ਵਿੱਚ ਮਨੁੱਖਤਾ, ਸੱਚਾਈ ਅਤੇ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਸਪੱਸ਼ਟ ਰੂਪ ਵਿੱਚ ਮਿਲਦਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਹੈ:

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥"

ਇਸ ਦਾ ਭਾਵ ਹੈ ਕਿ ਸੱਚ ਸਭ ਤੋਂ ਉੱਚਾ ਹੈ, ਪਰ ਸੱਚਾ ਆਚਰਨ ਉਸ ਤੋਂ ਵੀ ਉੱਚਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਅਜਿਹਾ ਜੀਵਨ-ਦਰਸ਼ਨ ਦਿੱਤਾ, ਜੋ ਅੱਜ ਵੀ ਉਤਨਾ ਹੀ ਸਾਰਥਕ ਹੈ। ਆਪ ਜੀ ਦੀਆਂ ਸਿੱਖਿਆਵਾਂ ਸਾਨੂੰ ਇਮਾਨਦਾਰੀ ਨਾਲ ਜੀਵਨ ਬਤੀਤ ਕਰਨ, ਦੂਜਿਆਂ ਦੀ ਸਹਾਇਤਾ ਕਰਨ, ਸਾਰੇ ਧਰਮਾਂ ਅਤੇ ਮਨੁੱਖਾਂ ਦਾ ਸਤਿਕਾਰ ਕਰਨ ਅਤੇ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਦਿੰਦੀਆਂ ਹਨ। ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਹੀ ਅਸੀਂ ਇੱਕ ਨਿਆਂਪੂਰਨ, ਸ਼ਾਂਤੀਪੂਰਨ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

ਗੁਰੁ ਨਾਨਕ ਆਯਾ...

ਗੁਰ ਨਾਨਕ ਆਇਆ
ਟੇਕ-ਸਹੀਓ ਨੀ ! ਗੁਰੁ ਨਾਨਕ ਆਇਆ।
ਗੁਰੁ ਨਾਨਕ ਗੁਰੁ ਨਾਨਕ ਆਇਆ।
ਨਾਦ ਉਠਯੋ: 'ਗੁਰੁ ਨਾਨਕ ਆਯਾ'।
ਸ਼ਬਦ ਹੁਯੋ: 'ਗੁਰੁ ਨਾਨਕ ਆਯਾ'।੧।

ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ।
ਸਭ ਨੇ ਅਨਹਤ ਰਾਗ ਅਲਾਯਾ:
'ਗੁਰੁ ਨਾਨਕ ਗੁਰੁ ਨਾਨਕ ਆਯਾ'।੨।

ਜਾਗ ਪਏ ਪੰਛੀ ਅਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ :-
'ਦੇਖੋ ਅਹੁ ਗੁਰੁ ਨਾਨਕ ਆਯਾ',
'ਗੁਰੁ ਨਾਨਕ ਗੁਰੁ ਨਾਨਕ ਆਯਾ'।੩।

ਤਪੀਆਂ ਜੁਗਾਂ ਦਿਆਂ ਅਖ ਖੋਲ੍ਹੀ
ਤਯਾਗੀ ਮੌਨ, ਬੋਲ ਪਏ ਬੋਲੀ:-
'ਅਹੁ ਤੱਕੋ ਗੁਰੁ ਨਾਨਕ ਆਯਾ',
'ਗੁਰੁ ਨਾਨਕ ਗੁਰੁ ਨਾਨਕ ਆਯਾ'।੪।

ਦੁਖੀਆਂ ਕੰਨੀਂ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ।
'ਅਹੁ ਗੁਰੁ ਨਾਨਕ ਨਾਨਕ ਆਯਾ',
ਸੁੱਖ ਸਬੀਲੀ ਨਾਲ ਲਿਆਯਾ'।੫।


ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-
ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
'ਸਹੀਓ ਨੀ ਗੁਰੁ ਨਾਨਕ ਆਯਾ',
'ਗੁਰੁ ਨਾਨਕ ਗੁਰੁ ਨਾਨਕ ਆਯਾ'।੬।

ਮੇਰਾ ਮੇਰਾ ਮੇਰਾ ਅਪਨਾ,
ਕਿਸੇ ਨਾ ਓਪ੍ਰਾ ਸਭ ਦਾ ਅਪਨਾ,
ਉਹ ਗੁਰੁ ਨਾਨਕ ਨਾਨਕ ਆਯਾ
'ਸਹੀਓ ਨੀ

ਭਾਈ ਵੀਰ ਸਿੰਘ ਜੀ

ਕਲਿ ਤਾਰਣ ਗੁਰੁ ਨਾਨਕ ਆਇਆ

-ਬੀਰ ਦਵਿੰਦਰ ਸਿੰਘ (ਸਵਰਗੀ)
ਸਾਬਕਾ ਡਿਪਟੀ ਸਪੀਕਰ,
ਪੰਜਾਬ ਵਿਧਾਨ ਸਭਾ



ਵੇਦ ਕਾਲ ਦੇ ਸਾਰੇ ਪ੍ਰਚੱਲਿਤ ਵਿਚਾਰਾਂ ਦੀ ਪ੍ਰਤਿਭਾ ਤੋਂ ਇਨਕਾਰੀ ਹੋਣਾ ਸੰਕੀਰਨ ਅਗਿਆਨਤਾ ਹੈ। ਇਹ ਕਹਿਣਾ ਵੀ ਠੀਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਦੇ ਸਮਿਆਂ ਤੋਂ ਪਹਿਲਾਂ ਸੰਸਾਰ ਵਿਚ ਗਿਆਨ ਦਾ ਪ੍ਰਵਾਹ ਨਹੀਂ ਸੀ। ਪਰ ਇਹ ਸੱਚ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਸਮਾਂ, ਇਕ ਅਜਿਹਾ ਸਮਾਂ ਸੀ, ਜਦੋਂ ਵੇਦਾਂ ਦੇ ਗਿਆਨ ਦੀ ਵਾਸਤਵਿਕਤਾ ਦਾ ਵਿਘਟਨ ਹੋ ਰਿਹਾ ਸੀ, ਗਿਆਨ ਦੀ ਪ੍ਰਤਿਭਾ ਨੂੰ ਅੰਧਵਿਸ਼ਵਾਸਾਂ ਦਾ ਗ੍ਰਹਿਣ ਲੱਗ ਚੁੱਕਾ ਸੀ। ਮਾਨਵ ਸਮਾਜ ਵਿਚੋਂ ਦਾਨਾਈ ਦੀ ਚੇਤਨਾ ਮਨਫ਼ੀ ਹੋ ਰਹੀ ਸੀ, ਗਿਆਨ ਦਾ ਪ੍ਰਕਾਸ਼ ਲੁਪਤ ਹੋ ਰਿਹਾ ਸੀ ਤੇ ਸੰਸਾਰ ਵਿਚ ਚਾਰੇ ਪਾਸੇ ਅੰਧਗੁਬਾਰ ਤੇ ਅੰਧਘੋਰ ਦਾ ਬੋਲਬਾਲਾ ਸੀ। ਇਸ ਸਮੇਂ ਦੇ ਦੌਰ ਨੂੰ ਯੁੱਗ-ਚੇਤਨਾ ਵਿਚ ਕਲਜੁੱਗ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ। ਕਲਜੁਗ ਤੋਂ ਭਾਵ ਹੈ, ਸਮਿਆਂ ਦਾ ਤਾਰੀਕ ਦੌਰ (Dark Age)। ਅਜਿਹੇ ਸਮੇਂ ਨੂੰ ਇਕ ਨਵਾਂ ਮੋੜ ਦੇ ਕੇ, ਕਲਜੁਗੀ ਮਨੁੱਖ ਦੇ ਮਨ ਵਿਚ ਗਿਆਨ ਦੇ ਬੋਧ ਪ੍ਰਤੀ, ਨਵੀਂ ਚੇਤਨਾ ਜਗਾਉਣ ਅਤੇ ਉਸ ਦੇ ਅਵਚੇਤਨ ਵਿਚ ਸੁੱਤੀ ਪਈ ਸੋਝੀ ਨੂੰ ਗਿਆਨ ਦੇ ਤਰਕ ਨਾਲ ਝੰਜੋੜ ਕੇ, ਉਸ ਦੀ ਜਗਿਆਸਾ ਨਾਲ, ਵਰਨਾਤਮਿਕ ਪੁਨਰ ਸੰਵਾਦ ਰਚਾਉਣਾ, ਉਸ ਦੌਰ ਦੀ ਸਭਤੋਂ ਵੱਡੀ ਚੁਣੌਤੀ ਸੀ। ਨਕਾਰਾਤਮਿਕ ਸਮਿਆਂ ਦੇ ਅੰਤਰਮੁਖੀ ਭਰਮਾਂ ਅਤੇ ਬਾਹਰਮੁਖੀ ਪਖੰਡਾਂ ਦਾ ਖੰਡਨ ਕਰਕੇ ਉਨ੍ਹਾਂ ਨੂੰ ਦਲੀਲ ਨਾਲ ਝੂਠੇ ਸਿੱਧ ਕਰਨ ਦੀ ਵੱਡੀ ਚੁਣੌਤੀ, ਕਿਸੇ ਪੈਗੰਬਰੀ ਯੁਗਪੁਰਸ਼ ਦੇ ਆਗਮਨ ਨਾਲ ਹੀ ਸਵੀਕਾਰ ਹੋ ਸਕਦੀ ਸੀ। ਇਸ ਮਹਾਨ ਕਾਰਜ ਲਈ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸ ਸੰਸਾਰ ਵਿਚ ਹੋਇਆ। ਭਾਈ ਗੁਰਦਾਸ ਜੀ ਦੇ ਇਹ ਅਨੁਭਵੀ ਬਚਨ, ਕਲਜੁਗੀ ਸਮੇਂ ਦੇ ਇਸੇ ਸੱਚ ਨੂੰ ਬਿਆਨ ਕਰਦੇ ਹਨ ; ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਮਨੁੱਖੀ ਜਗਿਆਸਾ ਦੀ ਨਵਚੇਤਨਾ ਦਾ ਜੋ ਸੁਨੇਹਾ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਦਿੱਤਾ, ਉਹ ਦੇਸ਼-ਦਿਸ਼ਾਂਤਰਾਂ ਦੇ ਹੱਦਾਂ ਬੰਨਿਆਂ ਤਕ ਸੀਮਤ ਨਹੀਂ ਸੀ, ਗੁਰੂ ਨਾਨਕ ਦੇਵ ਜੀ ਦਾ ਹਰੇਕ ਵਿਚਾਰ 'ਸ਼ਬਦ ਰੂਪ' ਤੇ ਵਿਸ਼ਵਵਿਆਪੀ ਚਿੰਤਨ ਦੇ ਗਹਿਰ-ਗੰਭੀਰ ਵਿਸ਼ਿਆਂ ਨੂੰ ਹਾਜ਼ਰ-ਨਾਜ਼ਰ ਰੂਪ ਵਿਚ ਪ੍ਰਗਟ ਕਰਦਾ ਸੀ।

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ ਗੁਰਮਖਿ ਕਲਿ ਵਿਚ ਪਰਗਟੁ ਹੋਆ ॥

(ਭਾਈ ਗੁਰਦਾਸ, ਗੁਰੂ ਸੂਰਯੋਦਯ-੨੭)

ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀ ਦਰਸ਼ਨ ਵਿਚ, ਮਨੁੱਖ ਦੇ ਵਿਕਾਸ ਦੇ ਸਿਧਾਂਤ ਨੂੰ ਉਨ੍ਹਾਂ ਦੇ ਮੂਲ ਰੂਪ ਵਿਚ ਛੋਹਿਆ ਹੈ, ਇਸ ਸੰਧਰਵ ਵਿਚ ਉਨ੍ਹਾਂ ਦੀ ਵਿਖਿਆਤ ਸਮਾਲੋਚਨਾ ਧਿਆਨ ਦੇਣ ਯੋਗ ਹੈ।

ਸੁਮੇਰ ਪਰਬਤ ਤੇ ਹੋਈ ਸਿੱਧ ਗੋਸ਼ਟੀ ਵਿਚ, ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਦਾ ਮੂਲ ਸਵਾਲ ਇਹ ਸੀ;

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨੂੰ ਇਹ ਉੱਤਰ ਸੀ;
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
(ਭਾਵ: ਸੁਆਸ ਮਨੁੱਖ ਦੇ ਜੀਵਨ ਦੀ ਹਸਤੀ ਦਾ ਮੁੱਢ ਹੈ ਤੇ ਇਹ ਸੁੱਚਾ ਸਮਾਂ, ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ (ਪ੍ਰਭੂ) ਹੈ, ਮੇਰੀ ਸੁਰਤੀ ਸ਼ਬਦ ਦੀ ਮੁਰੀਦ ਹੈ)

ਉਪਰੋਕਤ ਤੋਂ ਪ੍ਰਤੱਖ ਹੈ ਕਿ ਸ਼ਬਦ ਦਾ ਆਵੇਸ਼, ਸਿੱਖ ਸੁਰਤੀ ਦਾ ਮੂਲ ਪ੍ਰੇਰਨਾ ਸ੍ਰੋਤ ਹੈ, ਸ਼ਬਦ ਹੀ ਸਿੱਖ ਸੋਝੀ ਦਾ ਮੂਲ ਸਵਰ ਤੇ ਉਸਦੀ ਪ੍ਰਤਿਧੁਨੀ ਹੈ । ਗੁਰੂ ਪਦਵੀ ਪ੍ਰਾਪਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦ ਦੀ ਇਸੇ ਭਾਵਨਾ ਦੇ ਭਿੰਨ-ਭਿੰਨ ਤੱਤਾਂ ਦਾ ਸੰਸਲੇਸ਼ਣਕ ਸੰਜੋਗ ਹਨ। ਸਿੱਖ ਚੇਤਨਾ ਵਿਚ ਸਬਦੁ ਦੇ ਅਭਿਵਿਅੰਜਨ ਨੂੰ ਸੁਰਤੀ ਨਾਲ ਇੱਕਸੁਰ ਕਰਕੇ ਨਾਮ ਸਿਮਰਨ ਕਰਨਾ, ਸਤਿਗੁਰ ਦੀ ਬੰਦਗੀ ਹੈ।

ਇਸ ਅਭਿਵਿਅੰਜਨਾ ਨੂੰ ਪ੍ਰਮਾਣਿਤ ਕਰਦਾ ਇਕ ਉਮਦਾ ਦ੍ਰਿਸ਼ਟਾਂਤ ਗੁਰੂ ਸਾਖੀਆਂ ਵਿਚ ਮਿਲਦਾ ਹੈ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀਵਾਨ ਸਜਾਈ ਬੈਠੇ ਸਨ, ਇਕ ਜਗਿਆਸੂ ਸਵਾਲ ਕਰਦਾ ਹੈ, 'ਮਹਾਰਾਜ ਇਹ ਦੱਸੋ ਸਭ ਤੋਂ ਉੱਤਮ ਜੂਨੀ ਕਿਹੜੀ ਹੈ?'। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ;

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੇ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੨)

(ਅਰਥਾਤ: ਹੇ ਮਨੁੱਖ ਮੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ, ਪ੍ਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਏਹੋ ਇਕ ਸਵੱਲਾ ਮੌਕਾ ਹੈ, ਹੋਰ ਕਾਰਜ ਤੇਰੇ ਕਿਸੇ ਵੀ ਕੰਮ ਨਹੀਂ ਆਉਣੇ। ਸਤਿਸੰਗਤ ਵਿਚ ਜੁੜਕੇ ਉਸਦੇ ਨਾਮ ਦੀ ਅਰਾਧਨਾ ਕਰ ਲੈ, ਜਿਸ ਨੇ ਤੈਨੂੰ ਸਭ ਤੋਂ ਉੱਤਮ ਮਨੁੱਖਾ ਜਨਮ ਦਿਤਾ ਹੈ) ਇਸਲਾਮ ਵਿਚ ਵੀ ਮਨੁੱਖਾ ਜਨਮ ਨੂੰ ਅਸ਼ਰਫ਼-ਉਲ-ਮਖ਼ਲੂਕਾਤ ਆਖ ਕੇ ਤਸ਼ਬੀਅਤ ਕੀਤਾ ਹੈ। ਅਸ਼ਰਫ-ਉਲ-ਮਖ਼ਲੂਕਾਤ ਦਾ ਭਾਵ ਹੈ; ਕਾਇਨਾਤ ਦੀ ਸਰਬਉੱਚਤਮ ਰਚਨਾ।

ਗੁਰੂ ਅਰਜਨ ਦੇਵ ਜੀ ਦੇ ਦੀਵਾਨ ਵਿਚ ਜੁੜੀ ਸੰਗਤ ਵਿਚੋਂ, ਇਕ ਹੋਰ ਜਗਿਆਸੂ ਸਵਾਲ ਕਰਦਾ ਹੈ : ਬੰਦਗੀ ਵਿਚ ਲੀਨ ਹੋਣ ਦਾ ਅਨੁਸਾਸ਼ਿਨ ਅਤੇ ਅੰਤਰ ਧਿਆਨ ਹੋਣ ਦੀ ਸਹੀ ਵਿਧੀ ਕੀ ਹੈ? ਪੰਜਵੇਂ ਗੁਰੂ ਫੁਰਮਾਉਂਦੇ ਹਨ;

ਅੰਤਰਿ ਗੁਰੂ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੫੧੭)

(ਭਾਵ : ਆਪਣੇ ਮਨ ਵਿਚ ਗੁਰੂ ਨੂੰ ਯਾਦ ਕਰ ਅਤੇ ਜੀਭ ਨਾਲ ਗੁਰੂ ਦਾ ਨਾਮ ਜਪ। ਅੱਖਾਂ ਨਾਲ ਅੰਤਰ ਧਿਆਨ ਹੋ ਕੇ ਗੁਰੂ ਦੇ ਦਰਸ਼ਨ ਦੀਦਾਰੇ ਕਰ ਅਤੇ ਕੰਨਾਂ ਨਾਲ ਗੁਰੂ ਦਾ ਨਾਮ ਸੁਣ। ਜੇ ਇਸ ਵਿਧੀ ਰਾਹੀਂ ਬੰਦਗੀ ਕਰੇਂਗਾ ਤਾਂ ਉਸਦੀ ਦਰਗਾਹ ਵਿਚ, ਨਿਸ਼ਚੇ ਹੀ ਪਨਾਹ ਮਿਲੇਗੀ)

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ੨੨ ਵਰ੍ਹੇ, ਸੰਸਾਰ ਦੀਆਂ ਚਾਰੇ ਦਿਸ਼ਾਵਾਂ ਦਾ ਭਰਮਣ ਕੀਤਾ।

ਗੁਰੂ ਸਾਹਿਬ ਨੇ ਆਪਣੀਆਂ ਪੰਜੇ ਹੀ ਉਦਾਸੀਆਂ ਵਿਚ ਲਗਭਗ ੨੭੦੦੦ ਕਿਲੋਮੀਟਰ ਪੈਦਲ ਸਫ਼ਰ ਕੀਤਾ। ਇਸ ਯਾਤਰਾ ਵਿਚ ਗੁਰੂ ਜੀ ਦੀ ਹਰ ਗੋਸ਼ਟੀ ਤੇ ਸੰਵਾਦ, ਗਿਆਨ ਦੇ ਪ੍ਰਕਾਸ਼ ਨਾਲ ਲਬਰੇਜ਼, ਦਲੀਲ ਅਤੇ ਤਰਕ 'ਤੇ ਅਧਾਰਿਤ, ਵਿਸ਼ੇਸ਼, ਸਪੱਸ਼ਟੀਕਰਨ ਪ੍ਰਸਤੁਤ ਕਰਦੀ ਹੈ।

ਮਿਸਾਲ ਵਜੋਂ, ਸੁਮੇਰ ਪਰਬਤ 'ਤੇ ਹੋਈ ਸਿੱਧ ਗੋਸ਼ਟੀ ਵਿਚ, ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਆਪਣੇ ਸਾਰੇ ਸਵਾਲਾਂ ਦੇ ਠੀਕ ਅਤੇ ਤਰਕ ਭਰਪੂਰ ਉੱਤਰ ਸੁਣ ਕੇ, ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਗਿਆਨ ਨੂੰ ਸਵੀਕਾਰ ਕਰ ਲਿਆ, ਤਦ ਫੇਰ ਸਿੱਧ ਪੁੱਛਦੇ ਹਨ।

"ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ
ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜਿਆ ਸੰਸਾਰਾ ਪਾਪ
ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ਸਿਧ ਛਪਿ ਬੈਠੇ
ਪਰਬਤੀ ਕਉਣ ਜਗਤ ਕਉ ਪਾਰਿ ਉਤਾਰਾ"

(ਭਾਈ ਗੁਰਦਾਸ ਜੀ, ਸਿਧ ਗੋਸ਼ਟ, ੨੯ ਪ੍ਰਸ਼ਨੋਤ੍ਰ)

ਉਪਰੋਕਤ ਦੇ ਸੰਧਰਵ ਵਿਚ, ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਲੰਮੇ ਪੈਂਡਿਆਂ ਦੀ ਗਾਥਾ, ਉਨ੍ਹਾਂ ਦੇ ਤਰਜੀਹੀ ਸੰਕਲਪਾਂ ਦੇ ਮੂਲ ਮਨੋਰਥਾਂ ਨੂੰ, ਅਜੋਕੇ ਵਿਸ਼ਵ ਸਰੋਕਰਾਂ ਦੇ ਪ੍ਰਸੰਗ ਵਿਚ, ਪੁਨਰ ਪ੍ਰਸਤੁਤ ਕਰਨਾ ਸਮੇਂ ਦੀ ਵੱਡੀ ਲੋੜ ਹੈ। ਕਿਉਂਕਿ ਸਿੱਖ ਧਰਮ, ਅੱਜ ਇਕ ਵਿਸ਼ਵ ਧਰਮ ਦੇ ਰੂਪ ਵਿਚ ਸਥਾਪਿਤ ਹੋ ਚੁੱਕਾ ਹੈ, ਇਸ ਲਈ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦੇ ਸੂਖਮ ਸੰਕੇਤ ਅਤੇ ਸੰਦੇਸ਼ ਸਮੁੱਚੀ ਮਾਨਵਤਾ ਦੇ ਭਲੇ ਲਈ, ਉਨ੍ਹਾਂ ਤਕ ਅਪੜਨੇ ਜ਼ਰੂਰੀ ਹਨ। ਅੱਜ ਸੰਸਾਰ ਦਾ ਬਹੁਤ ਵੱਡਾ ਹਿੱਸਾ ਬਹੁ-ਸਭਿਆਚਾਰੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਨਸਲੀ, ਮਨੁੱਖੀ ਸਮਾਜ ਦੇ ਅੰਤਰ ਵਿਰੋਧਾਂ ਦੇ ਦਵੰਦ ਨਾਲ ਜੂਝ ਰਿਹਾ ਹੈ। ਇਸ ਪਰਿਪੇਖ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਸੂਖਮ ਲਕਸ਼ਾਂ ਦੀ ਵਾਸਤਵਿਕਤਾ ਅਤੇ ਸਾਪੇਖਤਾ ਨੂੰ, ਪੂਰੇ ਵਿਸ਼ਵ ਵਿਚ ਪਹੁੰਚਾਉਣ ਦੀ ਲੋੜ ਹੈ। ਗੁਰੂ ਜੀ ਦੀਆਂ ਉਦਾਸੀਆਂ ਦੇ ਪੁਰਨੂਰ ਪੈਡਿਆਂ ਦੀਆਂ ਪੈੜਾਂ ਤੇ ਸਾਖੀਆਂ ਦੇ ਸੱਚ, ਅੱਜ ਦੇ ਬੇਨੂਰ ਸਮਿਆਂ ਵਿਚ, ਮਾਨਵਵਾਦ ਦੇ ਪਸਾਰੇ ਲਈ ਪੂਰੇ ਵਿਸ਼ਵ ਵਿਚ ਪੁਨਰ ਪ੍ਰਭਾਸ਼ਿਤ ਕਰਨਾ, ਸਮੇਂ ਦੀ ਲੋੜ ਹੈ। ਇਸ ਮਹਾਨ ਕਾਰਜ ਵਿਚ, ਸਮੂਹ ਸਿੱਖ ਸੰਸਥਾਵਾਂ, ਸਿੱਖ ਖੋਜ ਸੰਸਥਾਵਾਂ, ਸਿੱਖ ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਕਵੀਸ਼ਰਾਂ ਤੇ ਕਥਾਵਾਚਕਾਂ, ਪਾਠੀਆਂ ਅਤੇ ਅਰਦਾਸੀਆਂ ਦੀ ਵੱਡੀ ਪ੍ਰਮਾਣਿਕ ਭੂਮਿਕਾ ਬਣਦੀ ਹੈ। ਇਸ ਲਈ ਉਨ੍ਹਾਂ ਦੇ ਕਾਰਜ ਖੇਤਰਾਂ ਦੀ ਸ਼ਨਾਖਤ ਕਰਕੇ, ਇਹ ਕਾਰਜ ਉਨ੍ਹਾਂ ਦੇ ਸਪੁਰਦ ਹੋਣੇ ਚਾਹੀਦੇ ਹਨ ਤੇ ਉਹ ਦੱਸਣ ਕਿ ਗੁਰੂ ਨਾਨਕ ਦੇਵ ਜੀ ਦੀ ਫਿਲਾਸਫ਼ੀ ਦੇ ਜਹੂਰ ਨੂੰ, ਸਮੁੱਚੀ ਸਿੱਖ ਚੇਤਨਾ ਅਤੇ ਜੀਵਨ ਜਾਚ ਵਿਚ ਕਿਵੇਂ ਢਾਲਣਾ ਹੈ? ਇਸ ਕਾਰਜ ਨੂੰ ਸਹੀ ਦ੍ਰਿਸ਼ਟੀ ਵਿਚ ਨੇਪਰੇ ਚਾੜ੍ਹਨ ਲਈ, ਨਵੇਂ ਅਤੇ ਸੰਜੀਦਾ ਖੋਜ ਕਾਰਜਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਨੂੰ, ਉੱਤਮ ਸਾਹਿਤ ਦੇ ਰੂਪ ਵਿਚ ਸੰਸਾਰ ਦੀਆਂ ਸਾਰੀਆਂ ਜ਼ੁਬਾਨਾਂ ਵਿਚ, ਤਰਜੁਮੇ ਕਰਵਾ ਕੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਗੁਰੂ ਦੀ ਗੋਲਕ, ਜੋ ਸਿੱਖ ਸੰਗਤਾਂ ਦੇ ਸ਼ਰਧਾਪੂਰਵਕ ਦਸਵੰਧ ਅਤੇ ਤਿਲ-ਫੁਲ ਭੇਟਾਵਾਂ ਨਾਲ ਭਰਪੂਰ ਹੁੰਦੀ ਹੈ, ਉਸ ਨੂੰ ਬੇਦਰਦੀ ਅਤੇ ਬੇਸਮਝੀ ਨਾਲ ਅੰਝਾਈ ਨਹੀਂ ਗਵਾਉਣਾ ਚਾਹੀਦਾ। ਮੇਰੀ ਜਾਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ, ਸੁਲਤਾਨਪੁਰ ਲੋਧੀ ਦੇ ਅਸਥਾਨ ਤੇ ਪੰਡਾਲ ਸਜਾਵਣ ਲਈ, ਨੋਇਡਾ ਦੀ ਕਿਸੇ ਪ੍ਰਾਈਵੇਟ ਕੰਪਨੀ ਨੂੰ ੧੨ ਕਰੋੜ ਰੁਪਏ ਦਾ ਠੇਕਾ ਦੇਣਾ, ਨਿਪਟ ਫਜ਼ੂਲ ਖਰਚੀ ਹੈ। ਗੁਰੂ ਕੀ ਗੋਲਕ ਦੀ ਇਹ ਸਾਰੀ ਰਕਮ ਸਿੱਖ ਸਾਹਿਤ ਦੀ ਰਚਨਾ 'ਤੇ ਖਰਚ ਹੋਣੀ ਚਾਹੀਦੀ ਹੈ।

ਸਮੂਹ ਸਿੱਖ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਸੇਵਾ ਵਿਚ, ਇਕ ਹਕੀਕੀ ਅਰਜ਼ਦਾਸਤ ਹੈ ਕਿ ਵਿਸ਼ਵ ਸਰੋਕਾਰਾਂ ਦੀ ਦ੍ਰਿਸ਼ਟੀ ਵਿਚ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ, ਗੁਰੂ ਨਾਨਕ ਸਾਹਿਬ ਦੀ ਫਿਲਾਸਫ਼ੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਵਲੋਕਨ ਅਨੁਸਾਰ, ਸਮੁੱਚੇ ਸਿੱਖ ਭਾਈਚਾਰੇ ਲਈ, ਸਾਰੇ ਸਿੰਘ ਸਾਹਿਬਾਨ ਵਲੋਂ, ਇਕ ਕੇਂਦਰੀ ਸੰਦੇਸ਼ ਜਾਰੀ ਹੋਣਾ ਚਾਹੀਦਾ ਹੈ, ਜੋ ਸਿੱਖ ਸੰਗਤਾਂ ਲਈ ਵਿਸ਼ੇਸ਼ ਕਰਕੇ ਅਤੇ ਸਮੁੱਚੀ ਮਾਨਵਤਾ ਲਈ ਆਮ ਕਰਕੇ, ਜੀਵਨ ਦੇ ਹਰ ਖੇਤਰ ਲਈ ਪ੍ਰਸੰਗਿਕ ਹੋਵੇ। ਇਹ ਸੰਦੇਸ਼ ਦੇਸ-ਪ੍ਰਦੇਸ਼ ਦੇ ਸਾਰੇ ਗੁਰਦਵਾਰਿਆਂ ਵਿਚ ਪੜ੍ਹਿਆ, ਪਰਚਾਰਨਾ ਅਤੇ ਪ੍ਰਸਾਰਨਾ ਚਾਹੀਦਾ ਹੈ।

ਗੁਰੂ ਨਾਨਕ ਨੂੰ

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।

'ਕਲਯੁੱਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ।

ਜੋ ਖ਼ਾਬ ਸੀ ਤੂੰ ਦੇਖਿਆ, ਵਣ ਥੱਲੇ ਸੁੱਤਿਆਂ,
ਸੋਹਣਾ ਉਹ ਤੇਰਾ ਖ਼ਾਬ ਪਰੇਸ਼ਾਨ ਹੋ ਗਿਆ।

ਉਹ ਮੱਚੇ ਤੇਰੇ ਦੇਸ਼ ਦੀ ਹਿੱਕ ਤੇ ਉਲੰਭੜੇ,
ਪੰਜ-ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ।

ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ।

ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖੂਨ ਦਾ ਵੀ ਨਹਾਣ ਹੋ ਗਿਆ।

ਵੰਡ ਬੈਠੇ ਤੇਰੇ ਪੁੱਤ ਨੇ ਸਾਂਝੇ ਸਵਰਗ ਨੂੰ,
ਵੰਡਿਆ ਸਵਰਗ ਨਰਕ ਦਾ ਸਮਿਆਨ ਹੋ ਗਿਆ।

ਉਧਰ ਧਰਮ ਗ੍ਰੰਥਾਂ ਤੇ ਮੰਦਰਾਂ ਦਾ ਜਸ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ।

ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ
ਬੁਰਕੇ ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ।

ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ ।

ਇੱਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ,
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ ।

ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,
ਕਿ ਕੁਫ਼ਰ ਤੋਂ ਵੀ ਹੌਲਾ ਹੈ ਈਮਾਨ ਹੋ ਗਿਆ।

ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ।

ਮੁੜ ਭਾਗੋਆਂ ਦੇ ਚਾਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੁਚੜਾਨ ਹੋ ਗਿਆ।

ਫਿਰ ਉਚਿਆਂ ਦੇ ਮਹਿਲਾਂ ਤੇ ਸੋਨਾ ਮੜ੍ਹੀ ਰਿਹਾ,
ਫਿਰ ਨੀਵਿਆਂ ਦੀ ਕੁੱਲੀ ਦਾ ਵੀ ਵਾਹਣ ਹੋ ਗਿਆ।

'ਉਸ ਸੂਰ ਉਸ ਗਾਉਂ' ਦਾ ਹੱਕ ਨਾਹਰਾ ਲਾਇਆ ਤੂੰ
ਇਹ ਹੱਕ ਪਰ ਨਿਹੱਕ ਤੋਂ ਕੁਰਬਾਨ ਹੋ ਗਿਆ।

ਮੁੜ ਗਾਉਣੇ ਪਏ ਨੇ ਮੈਨੂੰ ਸੋਹਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਣ ਹੋ ਗਿਆ।

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈ:
"ਆਇਆ ਨਾ ਤੈਂ ਕੀ ਦਰਦ ਐਨਾ ਘਾਣ ਹੋ ਗਿਆ।"

ਪ੍ਰੋਫੈਸਰ ਮੋਹਨ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਲੱਖਣਤਾ

(ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ)

–ਡਾ. ਮਨਮੋਹਨ ਸਿੰਘ



ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਹਰ ਪੰਗਤੀ ਸੰਗੀਤ ਅਤੇ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਆਤਮਿਕ ਉਸਾਰੀ ਦੇ ਨਾਲ ਸਮਾਜਿਕ ਉਸਾਰੀ ਦਾ ਵਿਸ਼ਾ ਵੀ ਲਿਆ ਗਿਆ ਹੈ। ਇਸੇ ਲਈ ਵਿਸ਼ੇ ਦੇ ਪੱਖੋਂ ਇਹ ਬਾਣੀ ਮਹਾਨ ਹੈ। ਇਸ ਤੋਂ ਬਿਨਾਂ ਗੁਰੂ ਸਾਹਿਬ ਦੀ ਬਾਣੀ ਵਿਚ ਸੱਚ, ਸੰਤੋਖ, ਨਿਮਰਤਾ, ਪਰਮਾਤਮਾ ਪਿਤਾ ਸਮਾਨ ਹੈ। ਮਨੁੱਖੀ ਭਰਾਤਰੀ ਭਾਵ, ਸੰਜਮ, ਦਇਆ, ਤਨ-ਮਨ ਦੀ ਪਵਿੱਤਰਤਾ, ਆਤਮਾ ਤੇ ਪਰਮਾਤਮਾ ਦੀ ਖੋਜ, ਮਰਦ ਤੇ ਇਸਤਰੀ ਦੀ ਬਰਾਬਰੀ ਤੋਂ ਬਿਨਾਂ ਹੋਰ ਵੀ ਉੱਚੇ-ਸੁੱਚੇ ਵਿਚਾਰ ਬਾਣੀ ਵਿੱਚੋਂ ਮਿਲਦੇ ਹਨ। ਭਾਵੇਂ ਜ਼ੋਰ ਪ੍ਰਭੂ ਭਗਤੀ 'ਤੇ ਦਿੱਤਾ ਹੈ ਪਰ ਭਗਤੀ ਭਾਵ ਦੇ ਨਾਲ-ਨਾਲ ਹੱਥਾਂ ਦੀ ਕੀਤੀ ਹੋਈ ਕਮਾਈ ਨੂੰ ਵੀ ਧਾਰਮਿਕ ਸਿੱਖਿਆ ਦਾ ਅੰਗ ਬਣਾਇਆ ਹੈ। ਕਿਰਤ ਕਰ ਕੇ ਵੰਡ ਛਕਣਾ, ਗੁਰੂ ਸਾਹਿਬ ਦਾ ਬੁਨਿਆਦੀ ਸਿਧਾਂਤ ਹੈ। ਘਰ-ਬਾਰ ਨੂੰ ਤਿਆਗ ਕੇ ਆਪ ਵੈਰਾਗੀ ਨਹੀਂ ਬਣੇ, ਸਗੋਂ ਉਪਦੇਸ਼ ਦਿੱਤਾ ਹੈ ਕਿ ਕੇਵਲ ਘਰ-ਬਾਰ ਹੀ ਅਜਿਹਾ ਜੀਵਨ ਹੈ ਜਿਸ ਵਿਚ ਰਹਿ ਕੇ ਮਨੁੱਖ ਲੋੜਵੰਦਾਂ ਦੀ ਸਹਾਇਤਾ ਕਰ ਸਕਦਾ ਹੈ।

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)

ਇਸ ਲਈ ਉਨ੍ਹਾਂ ਨੇ ਘਾਲ ਕਮਾਈ ਦੇ ਰਾਹ ਨੂੰ ਸਲਾਹਿਆ ਹੈ। ਉਨ੍ਹਾਂ ਦਾ ਇਹ ਸਿਧਾਂਤ ਕਿੰਨਾ ਆਧੁਨਿਕ ਵੀ ਹੈ ਅਤੇ ਸਮਾਜ ਨੂੰ ਬਲਵਾਨ ਪ੍ਰੇਰਨਾ ਵੀ ਦਿੰਦਾ ਹੈ ਕਿ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)

ਭਾਵ ਗਿਆਨ ਤੋਂ ਖਾਲੀ ਭੁੱਖੇ ਅਖੌਤੀ ਮੌਲਵੀ ਚੜ੍ਹਾਵੇ ਦੀ ਖਾਤਰ ਘਰ ਨੂੰ ਮਸੀਤ ਬਣਾ ਲੈਂਦੇ ਹਨ। ਜੋ ਨਿਖੱਟੂ ਹੈ, ਵਿਹਲੜ ਹੈ, ਦਸਾਂ ਨਹੁੰਆਂ ਦੀ ਕਮਾਈ ਨਹੀਂ ਕਰਦਾ, ਸੋ ਜੋਗੀ ਬਣ ਜਾਂਦਾ ਹੈ, ਮੁੰਦਰਾਂ ਪਾ ਲੈਂਦਾ ਹੈ, ਆਪਣੇ ਆਪ ਨੂੰ ਫਕੀਰ ਸਮਝ ਲੈਂਦਾ ਹੈ ਅਤੇ ਕਹਿਣ ਮਾਤਰ ਹੀ ਜਾਤ-ਭੇਦ ਗੁਆ ਦਿੰਦਾ ਹੈ। ਗੁਰੂ ਪੀਰ ਸਦਾ ਕੇ ਮੰਗਣ ਜਾਂਦੇ ਹਨ। ਅਜਿਹੀਆਂ ਦੇ ਕਦੇ ਵੀ ਪਿੱਛੇ ਨਾ ਜਾਵੋ। ਪਰਮਾਤਮਾ ਨੂੰ ਤਾਂ ਅਸਲ ਵਿਚ ਉਹ ਪਹਿਚਾਣਦੇ ਹਨ, ਜੋ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਖਾਂਦੇ ਹਨ ਅਤੇ ਆਪਣੇ ਹੱਥੋਂ ਹੋਰ ਲੋੜਵੰਦਾਂ ਨੂੰ ਦਾਨ ਕਰਦੇ ਹਨ। ਲੋਕਾਂ

ਲਈ ਜਿਉਂਣਾ ਹੀ ਅਸਲ ਦਾਨ ਹੈ। ਦੀਨ ਦੁਖੀ ਦੀ ਦਸ਼ਾ ਵੇਖ ਕੇ ਆਪ ਦੁਖੀ ਹੋਣਾ, ਹੱਥ ਰੱਖਣਾ, ਘਾਲ ਕਮਾਈ ਕਰ ਕੇ ਕਿਛੁ ਹਥਹੁ ਦੇਣਾ ਤਾਂ ਜੋ ਉਸ ਨੂੰ ਠੀਕ ਰਾਹ ਮਿਲ ਜਾਏ। ਮਾੜਾ ਧੰਦਾ ਨਾ ਕੀਤਾ ਜਾਏ, ਸਗੋਂ ਕਿਰਤ ਹੀ ਕੀਤੀ ਜਾਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹਾ ਜੀਵਨ ਬਿਤਾ ਕੇ ਵੇਖਿਆ ਹੈ। ਮੋਦੀਖਾਨੇ ਦੀ ਕਾਰ ਕੀਤੀ, ਤੇਰਾ-ਤੇਰਾ ਕਹਿ ਕੇ ਪੂਰਾ ਹੱਕ ਦਿੱਤਾ। ਆਪ ਦਾ ਵਿਚਾਰ ਸੀ ਕਿ ਕਿਰਤ ਕਰ ਕੇ ਦੇਹੀ ਸੁੱਚੀ ਹੁੰਦੀ ਹੈ। ਆਪ ਅਕਾਲ ਪੁਰਖ ਦੇ ਨਾਮ ਦਾ ਜਾਪ ਕਰਨ ਦੇ ਨਾਲ-ਨਾਲ ਆਉਂਦੇ ਜਾਂਦੇ ਲੋੜਵੰਦਾਂ ਦੀ ਸੇਵਾ ਵੀ ਕਰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਕਿਰਤ ਦੀ ਵੱਡੀ ਮਹਾਨਤਾ ਹੈ। ਹੱਥੀਂ ਕਮਾਈ ਨਾ ਕਰਨਾ ਚੰਗੀ ਗੱਲ ਨਹੀਂ। ਗੁਰੂ ਸਾਹਿਬ ਦਾ ਨਿਸ਼ਚਾ ਸੀ ਕਿ ਦਸ ਨਹੁੰਆਂ ਦੀ ਕਿਰਤ ਹੀ ਮਨੁੱਖ ਵਿਚ ਆਤਮ ਵਿਸ਼ਵਾਸ ਅਤੇ ਖੁਸ਼ੀ ਦੀ ਭਾਵਨਾ ਪੈਦਾ ਕਰਦੀ ਹੈ। ਕਿਰਤੀ ਭਾਵਨਾ ਵਾਲੇ ਲੋਕ ਆਪ ਵੀ ਨਰੋਏ ਹੁੰਦੇ ਹਨ ਅਤੇ ਉਨ੍ਹਾਂ ਦਾ ਸਿਰਜਿਆ ਹੋਇਆ ਸਮਾਜ ਵੀ ਨਰੋਆ ਹੁੰਦਾ ਹੈ। ਗੁਰੂ ਜੀ ਆਪ ਵੀ ਕਿਰਤ ਕਰਦੇ ਸਨ ਅਤੇ ਕਿਰਤੀ ਸ਼੍ਰੇਣੀ ਦਾ ਮਾਣ ਕਰਦੇ ਸਨ। ਭਾਈ ਲਾਲੋ ਜੀ ਅਤੇ ਮਲਕ ਭਾਗੋ ਦੀ ਸਾਖੀ ਇਸੇ ਵਿਸ਼ੇ ਨੂੰ ਬਿਆਨ ਕਰਦੀ ਹੈ। ਮਾਲਕ ਭਾਗੋ ਦੇ ਭੋਜਨ ਵਿਚ ਜ਼ੁਲਮ ਸੀ, ਜ਼ਹਿਰ ਸੀ, ਗਰੀਬਾਂ ਦੀ ਨਪੀੜੀ ਹੋਈ ਜਿੰਦ ਦਾ ਲਹੂ ਸੀ, ਕਿਰਤੀ ਭਾਈ ਲਾਲੋ ਜੀ ਦੀ ਸੁੱਕੀ ਰੋਟੀ ਵਿਚ ਸਾਦਗੀ ਤੇ ਸਚਾਈ ਦਾ ਅੰਮ੍ਰਿਤ ਸੀ। ਕਿਰਤੀ ਸ਼੍ਰੇਣੀ ਦਾ ਸਮਾਜ ਪਵਿੱਤਰ ਹੈ। ਇਸ ਵਿਚ ਲੁੱਟ-ਖਸੁੱਟ ਦੀ ਥਾਂ ਨਹੀਂ ਹੈ। ਇਹ ਸੁਣ-ਦੇਖ ਕੇ ਮਲਕ ਭਾਗੋ ਨੂੰ ਹੋਸ਼ ਆਈ, ਪੁੱਛਦਾ ਹੈ, ਉਸ ਦਾ ਕਲਿਆਣ ਕਿਵੇਂ ਹੋਵੇ? ਗੁਰੂ ਸਾਹਿਬ ਨੇ ਫੁਰਮਾਇਆ ਕਿਰਤ ਦੀ ਜ਼ਿੰਦਗੀ ਅਰੰਭ ਕਰ, ਤਾਂ ਕਲਿਆਣ ਹੋਵੇਗਾ।

ਚੜ੍ਹਿਆ ਸੋਧਨਿ ਧਰਤਿ ਲੁਕਾਈ: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ। ਅੰਧ-ਵਿਸ਼ਵਾਸ ਅਤੇ ਭਰਮਾਂ ਦੇ ਹਨ੍ਹੇਰੇ 'ਚੋਂ ਲੋਕਾਂ ਨੂੰ ਕੱਢ ਕੇ ਗਿਆਨ ਦਾ ਉਪਦੇਸ਼ ਦਿੱਤਾ। ਉਦਾਸੀਆਂ ਵਿਚ ਵੀ ਸੱਚੀ-ਸੁੱਚੀ ਕਿਰਤ ਦੀ ਮਹਾਨਤਾ ਬਾਰੇ ਦੱਸਿਆ। ਆਪ ਦਾ ਉਪਦੇਸ਼ ਸੀ ਕਿ ਸੱਚੀ-ਸੁੱਚੀ ਕਿਰਤ ਕਰ ਕੇ ਗੁਜ਼ਾਰਾ ਕਰਨਾ ਚਾਹੀਦਾ ਹੈ। ਦੂਜਿਆਂ ਦਾ ਹੱਕ ਨਹੀਂ ਮਾਰਨਾ ਚਾਹੀਦਾ। ਆਪ ਫੁਰਮਾਉਂਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੁਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)

ਕਿਰਤ ਕਮਾਈ ਸਬੰਧੀ ਦੱਸਦੇ ਹਨ, ਦੂਜੇ ਦਾ ਹੱਕ ਖਾਣਾ, ਹਿੰਦੂ ਲਈ ਗਊ ਅਤੇ ਮੁਸਲਮਾਨਾਂ ਲਈ ਸੂਰ ਖਾਣ ਬਰਾਬਰ ਹੈ। ਗੁਰੂ ਅਤੇ ਪੀਰ ਤਾਂ ਹੀ ਸਹਾਇਤਾ ਕਰਨਗੇ ਜੇਕਰ ਦੂਜੇ ਦਾ ਹੱਕ ਨਾ ਖਾਇਆ ਜਾਵੇ। ਆਪ ਫੁਰਮਾਉਂਦੇ ਹਨ ਕਿ ਸਵਰਗ ਦੀ ਪ੍ਰਾਪਤੀ ਸਿਰਫ ਗੱਲਾਂ ਨਾਲ ਨਹੀਂ ਸਗੋਂ ਨੇਕ ਅਮਲਾਂ ਅਤੇ ਸੱਚੇ-ਸੁੱਚੇ ਜੀਵਨ ਨਾਲ ਹੀ ਹੁੰਦੀ ਹੈ।

ਕਿਰਤ ਕਰਨ ਦੇ ਨਾਲ-ਨਾਲ ਜੋ ਵੰਡ ਛਕਣ ਦੀ ਫ਼ਿਲਾਸਫ਼ੀ ਹੈ ਉਹ ਹੋਰ ਵੀ ਮਹਾਨ ਹੈ। ਇਹ ਗੱਲ ਸਮਾਜ ਦੀ ਇਕ ਆਧਾਰਸ਼ਿਲ੍ਹਾ ਹੈ। ਇਸੇ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)

ਸੋ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਇਹ ਮਨੁੱਖੀ ਜੀਵਨ ਦਾ ਮਨੋਰਥ ਹੋਣਾ ਚਾਹੀਦਾ ਹੈ। ਜੇਕਰ ਇਸ ਸੁਨਹਿਰੀ ਸੰਦੇਸ਼ 'ਤੇ ਅਮਲ ਕਰੀਏ ਤਾਂ ਜ਼ਿੰਦਗੀ ਦਾ ਅਨੰਦ ਪ੍ਰਾਪਤ ਹੋ ਸਕਦਾ ਹੈ। ਸਵਾਦ ਹੋਰ ਹੈ, ਅਨੰਦ ਹੋਰ ਹੈ।

ਅਨੰਦ ਤਾਂ ਉਹ ਮਾਨਸਿਕ ਅਵਸਥਾ ਹੈ ਜੋ ਸੱਚੀ-ਸੁੱਚੀ ਕਿਰਤ ਤੋਂ ਪ੍ਰਾਪਤ ਹੁੰਦਾ ਹੈ। ਕਿਰਤ ਕਰਨੀ ਜ਼ਰੂਰੀ ਹੈ। ਅਕਾਲ ਪੁਰਖ ਨੇ ਹੱਥ-ਪੈਰ ਦਿੱਤੇ ਹਨ। ਬਿਨਾਂ ਹਰਕਤ ਦੇ ਹੱਥ-ਪੈਰ ਨਿਕੰਮੇ ਹੋ ਜਾਂਦੇ ਹਨ। ਜਿਸ ਦਿਨ ਜੀਵ ਪੈਦਾ ਹੁੰਦਾ ਹੈ, ਕਿਰਤ ਕਰਨੀ ਉਸ ਦੇ ਜ਼ਿੰਮੇ ਲੱਗ ਜਾਂਦੀ ਹੈ। ਮਨੁੱਖ ਦੀ ਸਰੀਰਿਕ ਬਣਤਰ ਦਾ ਤਕਾਜ਼ਾ ਹੈ ਕਿ ਉਹ ਕਿਰਤ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਧਿਐਨ ਤੋਂ ਅਸੀਂ ਵੇਖ ਸਕਦੇ ਹਾਂ ਉਨ੍ਹਾਂ ਨੇ ਹੱਥਾਂ ਨਾਲ ਹਲ ਵੀ ਵਾਹੇ। ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਬਾ-ਅਮਲ ਦਾਰਸ਼ਨਿਕ ਸਨ ਜੋ ਆਪਣੇ ਉਪਦੇਸ਼ ਅਤੇ ਸੰਦੇਸ਼ ਨੂੰ ਲੋਕਾਂ ਦੇ ਸਾਹਮਣੇ ਅਮਲੀ ਰੂਪ ਵਿਚ ਪ੍ਰਚਾਰਦੇ ਸਨ। ਮਿਸ਼ਨ ਦੇ ਪ੍ਰਚਾਰ ਹਿਤ ਉਦਾਸੀਆਂ ਦੇ ਦੌਰਾਨ ਆਪ ਨੇ ਮਹਿਸੂਸ ਕੀਤਾ ਕਿ ਲੱਖਾਂ ਹੀ ਕਿਰਤੀ ਤੇ ਕਾਮੇ ਜਾਂ ਨੀਵੇਂ ਤਬਕੇ ਦੇ ਲੋਕ ਉਹ ਆਰਥਿਕਤਾ ਦੀ ਜਿੰਦ-ਜਾਨ ਹਨ ਪਰ ਅਮੀਰਾਂ ਦੇ ਜ਼ੁਲਮ ਹੇਠ ਦੱਬੇ ਪਏ ਸਹਿਕ ਰਹੇ ਹਨ ਅਤੇ ਇਹ ਅਮੀਰ ਲੋਕ ਆਪਣੇ ਸੁਆਰਥਾਂ ਲਈ ਕਿਰਤੀ ਕਾਮਿਆਂ ਨੂੰ ਲੁੱਟੀ ਜਾ ਰਹੇ ਹਨ। ਗੁਰੂ ਸਾਹਿਬ ਨੇ ਕਾਮਿਆਂ ਤੇ ਕਿਰਤੀਆਂ ਦੇ ਹੱਕ ਵਿਚ ਇਨਕਲਾਬੀ ਅਵਾਜ਼ ਬਲੰਦ ਕੀਤੀ। ਇਸੇ ਲਈ ਗੁਰੂ ਸਾਹਿਬ ਸਮਾਜ ਦੇ ਲਤਾੜੇ ਹੋਏ ਮਨੁੱਖਾਂ ਨਾਲ ਆਪਣਾ ਸੰਪੂਰਨ ਸੰਬੰਧ ਜੋੜਦੇ ਰਹੇ। ਆਪ ਦਾ ਇਹ ਵੀ ਵਿਚਾਰ ਹੈ ਕਿ ਪਾਪਾਂ ਰਾਹੀਂ ਮਾਇਆ ਜੋੜਨ ਵਾਲਾ ਮਨੁੱਖ ਮਨੁੱਖਤਾ ਨਾਲੋਂ ਦੂਰ ਹੋ ਜਾਂਦਾ ਹੈ ਪਰ ਮਰਨ ਮਗਰੋਂ ਦੌਲਤ ਸਾਥ ਨਹੀਂ ਦਿੰਦੀ। ਇਸੇ ਲਈ ਫੁਰਮਾਉਂਦੇ ਹਨ:

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)

ਪਰ ਬੰਦਾ ਸਮਝਦਾ ਨਹੀਂ; ਝੂਠ ਫਰੇਬ, ਠੱਗੀ ਅਤੇ ਹੋਰ ਕਈ ਗਲਤ ਤਰੀਕਿਆਂ ਨਾਲ ਦੌਲਤ ਇਕੱਠੀ ਕਰਨ ਵਿਚ ਦੌੜਿਆ ਫਿਰਦਾ ਹੈ। ਅਜਿਹਾ ਮਨੁੱਖ ਅਧਿਆਤਮਿਕ ਤੇ ਰੱਬੀ ਬਖ਼ਸ਼ਿਸ਼ਾਂ ਤੋਂ ਵਾਂਝਾ ਹੈ। ਸਦਾਚਾਰ ਤੋਂ ਗਿਰ ਚੁੱਕਿਆ ਹੈ। ਲੋੜ ਹੈ ਸ੍ਰੀ ਗੁਰੂ ਨਾਨਕ ਸਾਹਿਬ ਦੀ ਫ਼ਿਲਾਸਫ਼ੀ ਅਤੇ ਉਨ੍ਹਾਂ ਦੇ ਅਮਲੀ ਜੀਵਨ ਨੂੰ ਅਪਣਾਉਣ ਦੀ। ਜੇ ਅਸੀਂ ਉਨ੍ਹਾਂ ਦੀ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦੀ ਫ਼ਿਲਾਸਫ਼ੀ ਨੂੰ ਅਪਣਾ ਲਈਏ ਤਾਂ ਸੰਕਟ ਭਰੇ ਸੰਸਾਰ ਵਿਚ ਸੁੱਖ ਤੇ ਸ਼ਾਂਤੀ ਮਿਲ ਸਕਦੀ ਹੈ। ਗੁਰੂ ਸਾਹਿਬ ਸਮਾਜ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਅਧਿਆਤਮਿਕ ਜੀਵਨ ਦੀ ਜਾਚ ਦੱਸਦੇ ਹੋਏ, ਕਿਰਤ ਕਮਾਈ ਸਬੰਧੀ ਵੀ ਫੁਰਮਾਉਂਦੇ ਹਨ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫)

ਕੱਲ੍ਹ' ਚੁੱਕੀ ਹੈ ਬੀਤ
ਵੱਸ ਤੋਂ ਦੂਰ ਨਸਾਈ,
'ਭਲਕ' ਅਜੇ ਹੈ ਦੂਰ
ਨਹੀਂ ਵਿਚ ਹੱਥਾਂ ਆਈ,
'ਅੱਜ' ਅਸਾਡੇ ਕੋਲ
ਵਿੱਚ ਪਰ ਫ਼ਿਕਰਾਂ ਲਾਈ,
'ਕੱਲ੍ਹ' 'ਭਲਕ' ਨੂੰ ਸੋਚ
'ਅੱਜ' ਇਹ ਮੁਫ਼ਤ ਗੁਆਈ।

ਹੋ! ਸੰਭਲ ਸੰਭਾਲ ਇਸ ਅੱਜ ਨੂੰ,
ਇਹ ਬੀਤੇ 'ਮਹਾਂ ਰਸ' ਪੀਂਦਿਆਂ,
'ਹਰਿ ਰਸ' ਵਿਚ ਮੱਤੇ ਖੀਵਿਆਂ,
'ਹਰਿਰੰਗ', 'ਹਰਿਕੀਰਤ' ਚਉਂਦਿਆਂ।

ਭਾਈ ਵੀਰ ਸਿੰਘ ਜੀ

24 ਨਵੰਬਰ ਲਈ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼:

ਗੁਰੁ ਨਾਨਕ ਜਗ ਮਾਹਿ ਪਠਾਇਆ

–ਸ. ਤੀਰਥ ਸਿੰਘ ਢਿੱਲੋਂ

ਜਦੋਂ ਵੀ ਦੁਨੀਆ ਵਿਚ ਪਾਪ, ਜ਼ੁਲਮ-ਓ-ਸਿਤਮ ਅਤੇ ਅਧਰਮ ਵਧ ਜਾਂਦਾ ਹੈ, ਕੂੜ ਦੀ ਕਾਲ਼ੀ-ਬੋਲੀ ਰਾਤ, ਸੱਚ ਰੂਪੀ ਚੰਦਰਮਾ ਨੂੰ, ਢੱਕ ਲੈਂਦੀ ਹੈ, ਨੇਕੀ, ਮੁਹੱਬਤ ਤੇ ਦਇਆ ਦਾ ਸੂਰਜ, ਡੁੱਬ ਜਾਂਦਾ ਹੈ ਤਾਂ ਅਜਿਹੇ ਨਿਰਾਸ਼ਾਜਨਕ ਹਾਲਾਤ ਅੰਦਰ, ਅਕਾਲ ਪੁਰਖ ਆਪਣੇ ਕਿਸੇ ਵਿਸ਼ੇਸ਼ ਰੱਬੀ ਦੂਤ ਨੂੰ ਆਪਣੇ ਨੂਰ ਨਾਲ ਰੌਸ਼ਨ ਕਰ ਕੇ ਹੀ, ਭਾਰਤ ਵਰਸ਼ ਦੀ ਧਰਤੀ 'ਤੇ ਸੱਚ ਦਾ ਸੂਰਜ ਉਦੈ ਹੋਇਆ। ਸਾਰੇ ਪਾਸੇ ਨੂਰ ਪਸਰ ਗਿਆ, ਲੋਕਾਈ ਦੇ ਹੱਥ ਪ੍ਰਭੂ ਦੇ ਸ਼ੁਕਰਾਨੇ ਅੰਦਰ ਜੁੜ ਗਏ। ਸਾਰੀ ਮਨੁੱਖਤਾ ਕਹਿ ਉੱਠੀ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ। (ਵਾਰ ੧:੩੪)

ਸਾਰੇ ਪਾਸੇ ਠੰਢ ਵਰਤ ਗਈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਪ੍ਰੇਮ, ਦਇਆ, ਧਰਮ, ਸੱਚ, ਨਿਆਂ ਅਤੇ ਮਿਹਰਾਂ ਦਾ ਸੂਰਜ ਚੜ੍ਹਿਆ। ਇਸ ਬਾਬਤ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

ਚੜਿਆ ਸੂਰਜੁ ਜਗ ਰੁਸਨਾਈ। (ਵਾਰ ੧:੩੪)

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਮਿਸ਼ਨ ਸੀ, ਦੁਨੀਆ ਵਿੱਚੋਂ ਅਗਿਆਨਤਾ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਨਾਇਨਸਾਫੀਆਂ, ਕਰਮ-ਕਾਂਡਾਂ ਤੇ ਕੂੜ ਪਸਾਰੇ ਨੂੰ ਦੂਰ ਕਰ ਕੇ, ਲੋਕਾਂ ਨੂੰ ਇਕ ਪਰਮ-ਪਿਤਾ ਪਰਮੇਸ਼ਰ ਨਾਲ ਜੋੜਨਾ। ਉਨ੍ਹਾਂ ਦਾ ਸਹੀ ਮਾਰਗ-ਦਰਸ਼ਨ ਕਰ ਕੇ, ਉਨ੍ਹਾਂ ਨੂੰ ਨੇਕ ਇਨਸਾਨ ਬਣਾਉਣਾ, ਸੱਚੀ ਜੀਵਨ-ਜਾਚ ਦੱਸਣੀ ਤੇ ਭੁੱਲੇ-ਭਟਕਿਆਂ ਨੂੰ ਸਿੱਧੇ ਰਾਹੇ ਪਾਉਣਾ।

ਇਹ ਮਹਾਨ ਪਰ ਬੜਾ ਕਠਿਨ ਕਾਰਜ ਸੀ। ਗੁਰੂ ਸਾਹਿਬ ਨੇ ਇਸ ਮਹਾਨ ਕਾਰਜ ਲਈ ਪਰਵਾਰ ਦਾ ਮੋਹ ਤਿਆਗ ਕੇ, ਪਰਮਾਰਥ ਦੇ ਮਾਰਗ ਦਾ ਪਾਂਧੀ ਬਣਨ ਦਾ ਫ਼ੈਸਲਾ ਕੀਤਾ। ਜਦੋਂ ਆਪ ਜੀ ਜਗਤ-ਜਲੰਦੇ ਨੂੰ ਆਪਣੀ ਕਿਰਪਾ ਧਾਰ ਕੇ ਰੱਖਣ ਅਤੇ ਧਰਤ ਲੋਕਾਈ ਨੂੰ ਸੋਧਣ ਹਿੱਤ ਉਦਾਸੀਆਂ ਅਰਥਾਤ ਧਾਰਮਿਕ ਯਾਤਰਾਵਾਂ ਲਈ ਰਵਾਨਾ ਹੋਏ, ਤਾਂ ਉਨ੍ਹਾਂ ਆਪਣੇ ਨਾਲ ਸਾਥੀ ਭਾਈ ਮਰਦਾਨਾ ਜੀ ਰਬਾਬੀ ਨੂੰ ਲਿਆ। ਗੁਰੂ ਸਾਹਿਬ ਨੇ ਰੱਬੀ ਬਾਣੀ ਦੇ ਕੀਰਤਨ ਨੂੰ ਆਪਣੇ ਉਪਦੇਸ਼ਾਂ ਦਾ ਮਾਧਿਅਮ ਬਣਾਇਆ। ਗੁਰੂ ਸਾਹਿਬ ਦੀ ਮੰਤਰ-ਮੁਗਧ ਕਰ ਦੇਣ ਵਾਲੀ ਅਵਾਜ਼ ਅਤੇ ਭਾਈ ਮਰਦਾਨਾ ਜੀ ਦੀ ਤੂੰ-ਤੂੰ ਕਰਦੀ ਰਬਾਬ ਦੀ ਟੁਣਕਾਰ ਦੇ ਸੁਮੇਲ ਨਾਲ ਅਜਿਹਾ ਅਲੌਕਿਕ ਸਮਾਂ ਸਿਰਜਿਆ ਜਾਂਦਾ, ਜਿਸ ਵਿਚ ਸਰੋਤੇ, ਸੁੱਤੇ ਸਿੱਧ ਪ੍ਰਭੂ-ਚਰਨਾਂ ਨਾਲ ਜੁੜ ਜਾਂਦੇ। ਇਹ ਕੀਰਤਨ ਦਾ ਹੀ ਅਸਰ ਸੀ, ਕਿ ਸੱਜਣ ਵਰਗੇ ਠੱਗ, ਕੌਡੇ ਵਰਗੇ ਰਾਖਸ਼, ਨੁਰਸ਼ਾਹ ਵਰਗੀਆਂ ਜਾਦੂਗਰਨੀਆਂ ਤੇ ਵਲੀ ਕੰਧਾਰੀ ਵਰਗੇ ਤਪ-ਸਾਧਨਾ ਦੇ ਅਭਿਮਾਨੀ ਅਤੇ ਹੰਕਾਰੀ ਵੀ ਨੇਕ ਅਤੇ ਸਚਿਆਰ ਇਨਸਾਨ ਬਣ ਗਏ।

ਦੇਸ਼-ਦੇਸ਼ਾਂਤਰਾਂ ਦੇ ਰਟਨ ਦੌਰਾਨ, ਗੁਰੂ ਜੀ, ਭਾਈ ਮਰਦਾਨਾ ਜੀ ਨਾਲ ਪੋਠੋਹਾਰ ਦੀ ਧਰਤੀ ਦੇ ਕਸਬੇ ਹਸਨ ਅਬਦਾਲ ਪੁੱਜੇ। ਹਸਨ ਅਬਦਾਲ ਪਹਾੜੀ ਕਸਬਾ ਹੈ ਅਤੇ ਰਮਣੀਕ ਸਥਾਨ ਹੋਣ ਕਾਰਨ ਕਾਦਰ ਦੀ ਕੁਦਰਤ ਤੋਂ ਹਰ ਸਮੇਂ ਬਲਿਹਾਰੀ ਜਾਣ ਵਾਲੇ ਗੁਰੂ ਬਾਬਾ ਜੀ ਨੇ ਉੱਥੇ ਟਿਕਾਣਾ ਕੀਤਾ। ਆਪ ਰੱਬ ਦੀ ਯਾਦ ਵਿਚ ਜੁੜ ਜਾਂਦੇ, ਕੀਰਤਨ ਦੀ ਛਹਿਬਰ ਲੱਗ ਜਾਂਦੀ ਅਤੇ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਅਤੇ ਨਿਹਾਲ ਹੋ ਕੇ ਜਾਂਦੀਆਂ:

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥ (੩੧੦)

ਦਰਸ਼ਨ ਕਰ ਕੇ ਤਪਦੇ ਮਨੁੱਖੀ ਹਿਰਦੇ, ਸੀਤਲ ਥੀ ਜਾਂਦੇ। ਤਨ-ਮਨ, ਹਰਿਆਲੇ ਹੋ ਜਾਂਦੇ। ਹਸਨ ਅਬਦਾਲ ਵਿਚ ਗੁਰੂ ਜੀ ਦੇ ਪੜਾਅ ਦੌਰਾਨ, ਇਕ ਦਿਨ ਅਜੀਬ ਕੌਤਕ ਵਰਤਿਆ। ਭਾਈ ਮਰਦਾਨਾ ਜੀ ਨੂੰ ਪਾਣੀ ਦੀ ਪਿਆਸ ਨੇ ਸਤਾਇਆ। ਗੁਰੂ ਬਾਬਾ ਜੀ ਤੋਂ ਪਾਣੀ ਪੀਣ ਦੀ ਆਗਿਆ ਲੈ ਕੇ ਭਾਈ ਮਰਦਾਨਾ ਜੀ ਪਹਾੜੀ ਉੱਤੇ ਸਥਿਤ ਚਸ਼ਮੇ ਤੋਂ ਪਾਣੀ ਪੀਣ ਗਏ। ਚਸ਼ਮਾ ਇਕ ਤਪੱਸਵੀ ਵਲੀ ਕੰਧਾਰੀ ਦੇ ਤਪ ਅਸਥਾਨ ਦੇ ਲਾਗਿਓਂ ਦੀ ਵਗਦਾ ਸੀ। ਵਲੀ ਕੰਧਾਰੀ ਨੇ ਹੰਕਾਰ ਤੇ ਈਰਖਾ ੨ ਵੱਸ ਭਾਈ ਮਰਦਾਨਾ ਜੀ ਨੂੰ ਜਲ ਨਾ ਦਿੱਤਾ। ਜਦੋਂ ਭਾਈ ਮਰਦਾਨਾ ਜੀ ਤੀਜੀ ਵਾਰੀ ਗਏ ਅਤੇ ਦੱਸਿਆ ਕਿ ਉਹ ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸੰਗੀ ਹੈ ਤਾਂ ਵਲੀ ਕੰਧਾਰੀ ਹੋਰ ਵੀ ਕ੍ਰੋਧਿਤ ਹੋ ਗਿਆ ਅਤੇ ਹੰਕਾਰ ਵੱਸ ਹੋ ਕੇ ਬੋਲ ਬੋਲਿਆ-ਜੇ ਤੇਰੇ ਰਹਿਬਰ ਕੋਲ ਕੋਈ ਸ਼ਕਤੀ ਹੈ ਤਾਂ ਉਹ ਤੇਰੀ ਪਿਆਸ ਬੁਝਾ ਕੇ ਤੈਨੂੰ ਤ੍ਰਿਪਤ ਨਹੀਂ ਕਰ ਸਕਦਾ?" ਉਸ ਨੇ ਨਾ ਸਿਰਫ ਇਹ ਕੁਬੋਲ ਹੀ ਬੋਲੇ ਬਲਕਿ ਪਹਾੜੀ ਦਾ ਇੱਕ ਵੱਡਾ ਪੱਥਰ ਵੀ ਹੇਠਾਂ ਉਸ ਅਸਥਾਨ ਵੱਲ ਰੋੜ੍ਹ ਦਿੱਤਾ ਜਿੱਥੇ ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਭਾਈ ਮਰਦਾਨਾ ਜੀ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਕਰ ਰਹੇ ਸਨ। ਪੱਥਰ ਤੇਜ਼ੀ ਨਾਲ ਰਿੜਦਾ ਆਇਆ। ਸ਼ਾਂਤ ਚਿੱਤ ਅਡੋਲ ਅਤੇ ਪ੍ਰਭੂ ਦੀ ਯਾਦ ਵਿਚ ਲੀਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੜੀ ਸਹਿਜਤਾ ਨਾਲ ਪੱਥਰ ਨੂੰ ਆਪਣੇ ਪੰਜੇ ਨਾਲ ਰੋਕ ਦਿੱਤਾ। ਗੁਰੂ ਸਾਹਿਬ ਦੇ ਪੰਜੇ ਦੀ ਛੋਹ ਨਾਲ ਪੱਥਰ ਉੱਥੇ ਹੀ ਜਿਵੇਂ ਸ਼ਰਧਾ ਵੱਸ ਬਲਿਹਾਰੇ ਜਾਂਦਿਆਂ ਗੁਰੂ ਜੀ ਦੇ ਹੁਕਮਾਂ ਅੰਦਰ ਸਹਿਜ ਹੋ ਕੇ ਰੁਕ ਗਿਆ, ਟਿੱਕ ਗਿਆ। ਗੁਰੂ ਸਾਹਿਬ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਉੱਤੇ ਅਮਿੱਟ ਤੌਰ 'ਤੇ ਲੱਗ ਗਿਆ।

ਇਹ ਅਲੌਕਿਕ ਵਰਤਾਰਾ ਵੇਖ ਕੇ ਵਲੀ ਕੰਧਾਰੀ ਦਾ ਸਾਰਾ ਹੰਕਾਰ ਚਕਨਾਚੂਰ ਹੋ ਗਿਆ, ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇੱਕ ਹੋਰ ਪੱਥਰ ਪਾਸੇ ਹਟਾਉਣ ਦਾ ਬਚਨ ਕੀਤਾ। ਪੱਥਰ ਹਟਦੇ ਸਾਰ ਉਸ ਹੇਠੋਂ ਠੰਡੇ ਜਲ ਦਾ ਕਲਕਲ ਕਰਦਾ ਚਸ਼ਮਾ ਰੱਬੀ ਰਹਿਮਤ ਦੇ ਰੂਪ ਵਿਚ ਫੁੱਟ ਪਿਆ। ਭਾਈ ਮਰਦਾਨਾ ਜੀ ਨੇ ਧਨੁ ਨਾਨਕ ਤੇਰੀ ਵਡੀ ਕਮਾਈ ਜਪਦਿਆਂ ਰੱਜ ਕੇ ਸੀਤਲ ਜਲ ਛਕਿਆ। ਵਲੀ ਕੰਧਾਰੀ ਸਾਰਾ ਕੌਤਕ ਅਤੇ ਰੱਬੀ ਰਹਿਮਤ ਨੂੰ ਵੇਖ ਕੇ ਵਾਹੋਦਾਹੀ ਭੱਜਾ ਆਇਆ। ਗੁਰੂ ਸਾਹਿਬ ਜੀ ਦੇ ਮੁਬਾਰਕ ਚਰਨਾਂ ਉੱਤੇ ਨਿਮਾਣਾ ਹੋ ਕੇ ਢਹਿ ਪਿਆ ਅਤੇ ਖ਼ਿਮਾ ਜਾਚਨਾ ਕੀਤੀ। ਗੁਰੂ ਸਾਹਿਬ ਜੀ ਦੀ ਮਿਹਰ ਦੀ ਨਜ਼ਰ ਪੈਂਦਿਆਂ ਹੀ ਵਲੀ ਕੰਧਾਰੀ ਦੇ ਕਪਾਟ ਖੁੱਲ੍ਹ ਗਏ। ਗੁਰੂ ਸਾਹਿਬ ਨੇ ਉਸ ਨੂੰ ਮਨੁੱਖਤਾ ਨਾਲ ਪ੍ਰੇਮ ਕਰਨ ਅਤੇ ਨੇਕੀ ਦੇ ਪੰਧ ਉੱਤੇ ਤੁਰਨ ਦਾ ਦੈਵੀ ਉਪਦੇਸ਼ ਦਿੱਤਾ। ਗੁਰੂ ਸਾਹਿਬ ਕੁਝ ਦਿਨ ਹਸਨ-ਅਬਦਾਲ ਰਹੇ। ਵਲੀ ਕੰਧਾਰੀ ਰੋਜ਼ਾਨਾ ਹੋਰਨਾਂ ਸੰਗਤਾਂ ਨਾਲ ਬੈਠ ਕੇ ਕੀਰਤਨ ਸਰਵਣ ਕਰਦਾ।

ਗੁਰੂ ਸਾਹਿਬ ਜੀ ਦੇ ਪੰਜੇ ਦੀ ਭਾਵੇਂ ਛੋਅ ਲੱਗਣ ਕਾਰਨ ਇਸ ਅਸਥਾਨ ਦਾ ਨਾਮ ਸ੍ਰੀ ਪੰਜਾ ਸਾਹਿਬ ਪ੍ਰਸਿੱਧ ਹੋਇਆ। ਅੱਜ ਵੀ ਉਹ ਪੱਥਰ ਇਲਾਹੀ ਹੁਕਮ ਅੰਦਰ ਉੱਥੇ ਹੀ ਅਟਕਿਆ ਹੋਇਆ ਹੈ।

ਭਾਈ ਗੁਰਦਾਸ ਜੀ ਨੇ ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ਦੇ ਵਾਕ ਅਨੁਸਾਰ ਸੰਗਤਾਂ ਨੇ ਗੁਰੂ ਸਾਹਿਬ ਦੀ ਯਾਦ ਵਿਚ ਇੱਥੇ ਸਰੋਵਰ ਅਤੇ ਗੁਰਦੁਆਰਾ ਸਾਹਿਬ ਦੀ ਛੋਟੀ ਇਮਾਰਤ ਬਣਾਈ। ਮਗਰੋਂ ਸਿੱਖ ਰਾਜ ਵੇਲੇ ਇਸ ਦੀ ਵਰਤਮਾਨ ਸੁੰਦਰ ਇਮਾਰਤ ਤਾਮੀਰ ਕੀਤੀ ਗਈ। ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਇਸ ਇਤਿਹਾਸਿਕ ਅਸਥਾਨ ਤੇ ਹਰ ਵਰ੍ਹੇ ਵੈਸਾਖੀ ਨੂੰ ਦੁਨੀਆ ਭਰ ਤੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨਤਮਸਤਕ ਹੋਣ ਲਈ ਪੁੱਜਦੀਆਂ ਹਨ। ਇਹ ਜੋੜ ਮੇਲਾ ਤਿੰਨ ਦਿਨ ਤਕ ਚੱਲਦਾ ਹੈ।

ਦੇਸ਼ ਦੀ ਵੰਡ ਤੋਂ ਬਾਅਦ ਚਾਹੇ ਇਹ ਇਤਿਹਾਸਿਕ ਗੁਰਧਾਮ ਪਾਕਿਸਤਾਨ ਵਿਚ ਰਹਿ ਗਿਆ ਹੈ, ਪਰ ਇਸ ਅਸਥਾਨ ਤੋਂ ਹਮੇਸ਼ਾ ਪ੍ਰੇਮ, ਨੇਕੀ ਅਤੇ ਸਰਬੱਤ ਦੇ ਭਲੇ ਦਾ ਰੂਹਾਨੀ ਸੰਦੇਸ਼ ਸਮੁੱਚੀ ਮਨੁੱਖਤਾ ਨੂੰ ਮਿਲਦਾ ਰਹੇਗਾ:

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ (੬੧੧)

੪ ਨਵੰਬਰ ਲਈ ਵਿਸ਼ੇਸ਼:

ਬੰਦੀ ਛੋੜ ਦਿਹਾੜਾ (ਦੀਵਾਲੀ)
ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

–ਮੇਜਰ ਸਿੰਘ
ਉਪ ਸੰਪਾਦਕ



ਪੰਜਵੇਂ ਪਾਤਸ਼ਾਹ ਧੰਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋ ਬਾਅਦ ਛੇਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਬੁੰਗੇ (ਤਖ਼ਤ) ਦੀ ਰਚਨਾ ਕੀਤੀ ਸ਼ਾਮ ਦਾ ਦੀਵਾਨ ਸਜਦਾ, ਢਾਡੀ ਯੋਧਿਆਂ ਦੀਆਂ ਵਾਰਾਂ ਗਾਉਂਦੇ, ਸਿੱਖਾਂ ਨੂੰ ਘੋੜੇ ਸ਼ਸ਼ਤਰ ਜਵਾਨੀਆਂ ਭੇਟ ਕਰਨ ਦਾ ਹੁਕਮ ਕੀਤਾ। ਆਪ ਸ਼ਿਕਾਰ ਖੇਡਦੇ ਸਤਿਗੁਰੂ ਮਹਾਰਾਜ ਦੇ ਇਨ੍ਹਾਂ ਰਾਜਸ਼ਾਹੀ ਕੰਮਾਂ ਦੀ ਸੂਹ ਜਦੋਂ ਜਹਾਂਗੀਰ ਨੂੰ ਮਿਲੀ ਤਾਂ ਉਸਨੇ ਸਤਿਗੁਰਾਂ ਨੂੰ ਪਹਿਲਾਂ ਆਗਰੇ ਬੁਲਾਇਆ। ਬਾਦਸ਼ਾਹ ਦਾ ਰੁਖ਼ ਵੇਖ ਕੇ ਚੰਦੂ ਵਰਗੇ ਗੁਰੂ ਘਰ ਦੇ ਧਰੋਹੀਆਂ ਨੇ ਹੋਰ ਬਲਦੀ 'ਤੇ ਤੇਲ ਪਾਇਆ, ਜਿਸਦਾ ਫਲਸਰੂਪ ਬੜੀ ਸਾਜ਼ਿਸ਼ ਨਾਲ ਗੁਰੂ ਸਾਹਿਬ ਨੂੰ ਗਵਾਲੀਅਰ ਕਿਲ੍ਹੇ ਭੇਜ 'ਚ ਦਿੱਤਾ।

ਗਵਾਲੀਅਰ ਕਿਲ੍ਹੇ 'ਚ ਉਨ੍ਹਾਂ ਕੈਦੀਆਂ ਨੂੰ ਹੀ ਰੱਖਿਆ ਜਾਂਦਾ ਸੀ ਜੋ ਰਾਜ ਦੇ ਲਈ ਖਤਰਾ ਹੋਣ, ਜੋ ਬਾਗੀ ਹੋਣ। ਕਈ ਰਾਜਪੂਤ ਰਾਜੇ ਪਹਿਲਾਂ ਤੋਂ ਗਵਾਲੀਅਰ ਕੈਦ ਸੀ। ਗਵਾਲੀਅਰ ਕਿਲ੍ਹੇ ਭੇਜਣ ਦਾ ਮਤਲਬ ਮੌਤ ਹੀ ਸੀ ਕਿਉਂਕਿ ਇਸ ਕਿਲ੍ਹੇ 'ਚ ਕੈਦ ਕੋਈ ਵੀ ਕਦੇ ਰਿਹਾਅ ਨਹੀਂ ਹੋਇਆ ਸੀ। ਏਥੇ ਮੌਤ ਹੀ ਮੁਕਤਿ ਕਰਦੀ ਸੀ।

ਪਾਤਸ਼ਾਹ ਦੀ ਗ੍ਰਿਫ਼ਤਾਰੀ ਕਰਕੇ ਗੁਰੂ ਦਰਸ਼ਨਾਂ ਬਿਨਾਂ ਸਿੱਖ ਬੜੇ ਉਦਾਸ ਹੋ ਗਏ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਵਰਗੇ ਮਹਾਨ ਗੁਰਮੁਖਾਂ ਨੇ ਸਿੱਖਾਂ ਦੀ ਇਸ ਉਦਾਸੀ ਨੂੰ ਵੇਖ ਕੇ ਵਿਚਾਰ ਕੀਤੀ ਤੇ ਕਿਧਰੇ ਸਿੱਖਾਂ ਦੇ ਅੰਦਰ ਗੁਰੂ ਪਿਆਰ, ਉਤਸ਼ਾਹ, ਚੜ੍ਹਦੀ ਕਲਾ ਢਹਿੰਦੀ ਕਲਾ 'ਚ ਨਾ ਬਦਲ ਜਾਵੇ ਇਸ ਲਈ ਗੁਰੂ ਜੱਸ ਨਾਲ ਭਰੀਆਂ ਚੌਂਕੀਆਂ ਕੱਢਣ ਦੀ ਰੀਤ ਤੋਰੀ। ਚੌਂਕੀਆਂ ਰਾਤ ਦੇ ਸਮੇਂ ਕੱਢੀਆਂ ਜਾਂਦੀਆਂ ਸੀ, ਜਿਨ੍ਹਾਂ 'ਚ ਸਿੱਖ ਰਲਮਿਲ ਕੇ ਗੁਰਸ਼ਬਦ ਕੀਰਤਨ ਕਰਦੇ ਇਹ ਚੌਂਕੀਆਂ ਪਹਿਲਾਂ ਤਾਂ ਅੰਮ੍ਰਿਤਸਰ ਸਾਹਿਬ ਦੇ ਨੇੜੇ ਨੇੜੇ ਫੇਰ ਪੰਜਾਬ ਦੇ ਪਿੰਡਾਂ ਪਿੰਡਾਂ ਵਿੱਚ ਨਿਕਲਦੀਆਂ ਫਿਰ ਬਾਬਾ ਬੁੱਢਾ ਸਾਹਿਬ ਦੀ ਅਗਵਾਈ 'ਚ ਜਥੇ ਗਵਾਲੀਅਰ ਕਿਲੇ ਤੱਕ ਜਾਣੇ ਸ਼ੁਰੂ ਹੋ ਗਏ। ਇਕ ਸਮਕਾਲੀ ਲੇਖਕ ਲਿਖਦਾ ਹੈ ਸਿੱਖ ਗਵਾਲੀਅਰ ਕਿਲ੍ਹੇ ਨੂੰ ਛੂੰਹਦੇ, ਨਮਸਕਾਰਾਂ ਕਰ ਪਰਿਕਰਮਾ ਕਰਦੇ, ਫਿਰ ਵਾਪਸ ਆ ਜਾਂਦੇ।

ਓਧਰ ਚੰਦੂ ਦੁਸ਼ਟ ਨੇ ਸਤਿਗੁਰੂ ਮਹਾਰਾਜ ਨੂੰ ਖਤਮ ਕਰਨ ਲੀ ਇਕ ਖਾਸ ਚੋਲਾ ਤਿਆਰ ਕਰਵਾਇਆ, ਜਿਸ ਨੂੰ ਪਉਣ ਨਾਲ ਸਰੀਰ 'ਤੇ ਜ਼ਹਿਰ ਦਾ ਅਸਰ ਹੋਵੇ। ਏ ਚੋਲਾ ਤੇ ਇਕ ਚਿੱਠੀ ਕਿਲ੍ਹੇ ਦੇ ਦਰੋਗੇ ਹਰਿਦਾਸ ਨੂੰ

ਭੇਜੀ ਚਿੱਠੀ 'ਚ ਲਿਖਿਆ ਸੀ ਕਿ ਇਹ ਚੋਲਾ ਕਿਸੇ ਵੀ ਤਰ੍ਹਾਂ ਗੁਰੂ ਜੀ ਨੂੰ ਪਵਾ'ਦੇ। ਜੇ ਤੁਸੀਂ ਮੇਰਾ ਕੰਮ ਕਰ ਦਿਉ ਤਾਂ ਤੁਹਾਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ ਤੇ ਤੇਰਾ ਅਹੁਦਾ ਵੀ ਉੱਚ ਕਰਵਾ ਦੇਵਾਂਗਾ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

ਅਕਾਲੀ ਬਾਣੀ ਦੇ ਏਨਾਂ ਸ਼ਬਦਾਂ ਅਨੁਸਾਰ ਜਿਸ ਦਿਨ ਤੋਂ ਸਤਿਗੁਰੂ ਮਹਾਰਾਜ ਕਿਲ੍ਹੇ 'ਚ ਆਏ ਕਿਲ੍ਹਾ ਸੁਹਾਵਣਾ ਬਣ ਗਿਆ ਸੀ। ਮੌਤ ਦੇ ਮੁੰਹ ਪਏ ਕੈਦੀ ਰਾਜਿਆਂ ਨੂੰ ਨਵੀਂ ਜ਼ਿੰਦਗੀ ਮਿਲੀ। ਗੁਰੂ ਸਾਹਿਬ ਦੇ ਇਲਾਹੀ ਦੀਦਾਰ ਅੰਮ੍ਰਿਤ ਰੂਪ ਬਚਨ ਸੁਣਦੇ ਦੋਵੇਂ ਵੇਲੇ ਸਤਸੰਗ ਹੁੰਦਾ। ਗੁਰੂ ਸੰਗਤ ਦੇ ਅਸਰ ਨਾਲ ਕਿਲ੍ਹੇ ਦਾ ਦਰੋਗਾ ਵੀ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ। ਇਸ ਲਈ ਦਰੋਗੇ ਹਰਿਦਾਸ ਨੇ ਚੰਦੂ ਵੱਲੋਂ ਭੇਜੀ ਉਹ ਪੁਸ਼ਾਕ ਤੇ ਚਿੱਠੀ ਸਤਿਗੁਰਾਂ ਦੇ ਚਰਨਾਂ 'ਚ ਰੱਖ ਨਮਸਕਾਰ ਕੀਤੀ। ਮਹਾਰਾਜ ਨੇ ਚਿੱਠੀ ਪੜ੍ਹੀ ਤੇ ਹੱਸ ਪਏ। ਸਮਾਂ ਬੀਤਣ ਲੱਗਾ, ਗ੍ਰਿਫ਼ਤਾਰੀ ਨੂੰ ਕਰੀਬ ਦੋ ਸਾਲ ਤੋਂ ਵੱਧ ਹੋ ਗਏ।

ਏਧਰ ਸਾਰੇ ਪੰਜਾਬ 'ਚ ਬਗਾਵਤ ਦਾ ਮਹੌਲ ਬਣਦਾ ਜਾਂਦਾ ਸੀ। ਉਧਰ ਜਹਾਂਗੀਰ ਬਿਮਾਰ ਪੈ ਗਿਆ। ਬੜੇ ਇਲਾਜ ਕਰਨ ਤੋਂ ਬਾਅਦ ਵੀ ਰਾਜ਼ੀ ਨਾ ਹੋਇਆ। ਲਾਹੌਰ ਤੋਂ ਸਾਈਂ ਮੀਆਂ ਮੀਰ ਜੀ ਪਹੁੰਚੇ। ਬੇਗਮ ਨੂਰਜਹਾਂ ਨੇ ਸਾਈਂ ਜੀ ਨੂੰ ਬਾਦਸ਼ਾਹ ਦੀ ਬਿਮਾਰੀ ਬਾਰੇ ਦੱਸਿਆ। ਸਾਈਂ ਜੀ ਨੇ ਕਿਹਾ, "ਖੁਦਾ ਨੂੰ ਕੈਦ ਕਰ ਕੇ ਸੁਖ ਭਾਲਦੇ ਹੋ?" ਇਹ ਤੇ ਉਨ੍ਹਾਂ ਦੀ ਰਹਿਮਤ ਸਮਝੋ ਕਿ ਅਜੇ ਤੱਕ ਤੁਹਾਡਾ ਰਾਜ-ਭਾਗ ਗਰਕ ਨਹੀਂ ਹੋ ਗਿਆ। ਗੁਰੂ-ਘਰ ਦਾ ਸ਼ਰਧਾਲੂ ਵਜ਼ੀਰ ਖਾਂ ਵੀ ਰਿਹਾਈ ਲਈ ਪੂਰਾ ਜ਼ੋਰ ਲਗਾ ਲਿਆ ਸੀ। ਸਾਂਈ ਜੀ ਦੇ ਆਉਣ ਨਾਲ ਉਸ ਨੂੰ ਹੋਰ ਆਸ ਬੱਝੀ। ਜਹਾਂਗੀਰ ਆਪ ਵੀ ਬੜਾ ਦੁਖੀ ਸੀ। ਰਾਤ ਨੂੰ ਸੁੱਤਾ ਵੀ ਡਰ ਨਾਲ ਤੱਪਕ ਉਠਦਾ। 'ਸੂਰਜ ਪ੍ਰਕਾਸ਼' 'ਚ ਜ਼ਿਕਰ ਜਹਾਂਗੀਰ ਨੂੰ ਸੁਪਨੇ 'ਚ ਸ਼ੇਰ ਦਿਖਾਈ ਦਿੰਦੇ ਪਰ ਡਰਿਆ ਹੋਇਆ ਬਾਦਸ਼ਾਹ ਜਦੋਂ ਗੁਰੂ ਸਾਹਿਬ ਨੂੰ ਚੇਤੇ ਕਰਦਾ ਤਾਂ ਸ਼ੇਰ ਪਿਛੇ ਹਟ ਜਾਂਦੇ। ਏਦਾਂ ਕਈ ਵਾਰ ਹੋਇਆ। ਕਈ ਮੰਤ੍ਰ ਜੰਤ੍ਰ ਵਰਤੇ ਪਰ ਹੋਰ ਚਾਰਾ ਨਾ ਚੱਲਦਾ ਵੇਖ ਜਹਾਂਗੀਰ ਨੇ ਸਤਿਗੁਰਾਂ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸਤਿਗੁਰਾਂ ਦੀ ਰਿਹਾਈ ਬਾਰੇ ਸੁਣ ਕੈਦੀ ਰਾਜੇ ਪਹਿਲਾਂ ਬੜੇ ਖੁਸ਼ ਹੋਏ। ਪਰ ਫਿਰ ਰੋਣ ਲੱਗ ਪਏ। ਹੱਥ ਜੋੜੇ ਬੇਨਤੀ ਕੀਤੀ ਮਹਾਰਾਜ ਤੁਹਾਡੇ ਆਉਣ ਨਾਲ ਸਾਨੂੰ ਨਵੀਂ ਜ਼ਿੰਦਗੀ ਮਿਲੀ ਹੈ, ਤੁਸੀਂ ਚਲੇ ਗਏ ਤਾਂ ਅਸੀਂ ਫਿਰ ਓਸੇ ਨਰਕਾਂ 'ਚ ਜਾ ਪੈਣਾ! ਕਿਰਪਾ ਕਰੋ ਜਾਂ ਸਾਨੂੰ ਵੀ ਰਿਹਾਅ ਕਰਵਾਉਣ ਜਾਂ ਸਾਨੂੰ ਛੱਡ ਕੇ ਨਾ ਜਾਉ...

ਰਾਜਿਆਂ ਦੀ ਹਾਲਤ ਵੇਖ ਤਰਲੇ ਸੁਣ ਗੁਰਦੇਵ ਨੇ ਬਾਦਸ਼ਾਹ ਨੂੰ ਸੁਨੇਹਾ ਭੇਜਿਅਆ ਕਿ ਅਸੀ ਇਕੱਲੇ ਰਿਹਾਅ ਨਹੀਂ ਹੋਣਾ ਜੇ ਸਾਨੂੰ ਰਿਹਾਅ ਕਰਨਾ ਤਾਂ ਸਾਰੇ ਕੈਦੀ ਨੂੰ ਰਿਹਾਅ ਕਰੋ। ਜਹਾਂਗੀਰ ਪਹਿਲਾਂ ਤਾਂ ਨਾ ਮੰਨਿਅਆ, ਪਰ ਸਤਿਗੁਰੂ ਜੀ ਨੂੰ ਹੋਰ ਕੈਦ 'ਚ ਰੱਖਣਾ ਵੀ ਔਖਾ ਸੀ। ਸਾਰੇ ਰਾਜਿਆਂ ਨੂੰ ਰਿਹਾਅ ਕਰਨ ਦੀ ਗੱਲ ਸੁਣ ਜਹਾਂਗੀਰ ਸੋਚੀਂ ਪੈ ਗਿਆ। ਜੇ ਰਾਜੇ ਰਿਹਾਅ ਕਰ ਦਿੱਤੇ ਤਾਂ ਕਿਧਰੇ ਬਾਗੀ ਨਾ ਹੋ ਜਾਣ। ਸਾਰੇ ਰਾਜੇ ਮਿਲ ਕੇ ਨੁਕਸਾਨ ਕਰ ਸਕਦੇ ਹਨ। ਲੰਬੀ ਸੋਚ ਵਿਚਾਰ ਤੋਂ ਬਾਅਦ ਜਹਾਂਗੀਰ ਨੇ ਨੀਤੀ ਵਰਤੀ ਹੁਕਮ ਕੀਤਾ, ਰਾਜੇ ਦੋ ਸ਼ਰਤਾਂ 'ਤੇ ਰਿਹਾਅ ਹੋ ਸਕਦੇ ਹਨ, ਇਕ ਤੇ ਓਨੇ ਹੀ ਰਾਜੇ ਰਿਹਾ ਹੋਣਗੇ ਜੋ ਸਤਿਗੁਰਾਂ ਦੇ ਚੋਲੇ ਦਾ ਲੜ ਫੜ ਕੇ ਬਾਹਰ ਆ ਜਾਣ, ਦੂਸਰਾ ਜੋ ਰਾਜੇ ਰਿਹਾਅ ਹੋਣਗੇ ਉਨ੍ਹਾਂ ਦੀ ਜ਼ਿੰਮੇਵਾਰੀ ਗੁਰੂ ਸਾਹਿਬ ਦੀ ਹੋਵੇਗੀ।

ਸਤਿਗੁਰਾਂ ਨੇ ਦੋਵੇਂ ਗੱਲਾਂ ਮੰਨ ਲਈਆਂ। ਰਾਜਿਆਂ ਦੀ ਗਿਣਤੀ ਕਰਕੇ ਖਾਸ ੫੨ ਕਲੀਆਂ ਵਾਲਾ ਚੋਲਾ ਤਿਆਰ ਕਰਾਇਆ। ਸਤਿਗੁਰਾਂ ਨੇ ੫੨ ਕਲੀਆਂ ਵਾਲਾ ਚੋਲਾ ਗਲ ਪਾਇਆ ਤੇ ਸਾਰੇ ਕੈਦੀ ਰਾਜੇ ਚੋਲੇ ਦੀ ਇਕ ਇਕ ਕਲੀ ਫੜ ਕਿਲ੍ਹੇ 'ਚੋਂ ਬਾਹਰ ਆਏ। ਏਹ ਦ੍ਰਿਸ਼ ਦੇਖਣ ਹੀ ਵਾਲਾ ਸੀ। ਅੱਜ ਪਹਿਲੀ ਵਾਰ ਜਿਉਂਦੇ ਕੈਦੀ ਗਵਾਲੀਅਰ ਕਿਲ੍ਹੇ 'ਚੋ ਬਾਹਰ ਆਏ ਸੀ। ਉਹਨਾਂ ਕਈ ਸਾਲਾਂ ਬਾਅਦ ਅੱਜ ਬਾਹਰ ਦੀ ਹਵਾ ਵੇਖੀ।

ਜਦੋ ਜਹਾਂਗੀਰ ਨੂੰ ਸਤਿਗੁਰੂ ਦੇ ਇਸ ਕੌਤਕ ਬਾਰੇ ਪਤਾ ਲਗਾ ਤਾਂ ਓਹ ਹੈਰਾਨ ਰਹਿ ਗਿਆ, ਉਹਨੇ ਸੋਚਿਆ ਵੀ ਨਹੀਂ ਸੀ ਕਿ ਏਦਾਂ ਵੀ ਹੋ ਸਕਦਾ ਸਾਰੇ ਰਾਜੇ ਰਿਹਾ ... ਮੌਤ ਦੇ ਮੂੰਹ 'ਚ ਪਏ ੫੨ ਬੰਦੀ ਰਾਜਿਆਂ ਛੁੜਾ ਕੇ ਜਦੋਂ

ਸਤਿਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਕਰੀਬ ੨੭ ਮਹੀਨਿਆਂ (੨ ਸਾਲ ੩ ਮਹੀਨੇ) ਬਾਦ ਕਿਲ੍ਹੇ 'ਚੋਂ ਬਾਹਰ ਆਏ ਤਾਂ ਸੰਗਤ ਨੇ "ਬੰਦੀ ਛੋੜ ਦਾਤਾ" ਕਹਿ ਕੇ ਸਿਰ ਝੁਕਾਇਆ। ਸਮੂਹ ਸਿੱਖ ਜਗਤ 'ਚ ਖੁਸ਼ੀਆਂ ਮਨਾਈਆਂ ਗਈਆਂ। ਜੈ-ਜੈਕਾਰ ਹੋਈ। ਘਿਓ-ਤੇਲ ਦੇ ਦੀਵੇ ਜਗਾਏ ਗਏ। ਧੰਨ ਗੁਰੂ ਨਾਨਕ ਸਾਹਿਬ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ ਅਰਦਾਸਾਂ ਹੋਈਆਂ।

ਗਵਾਲੀਅਰ ਕਿਲ੍ਹੇ 'ਚ ਇਤਿਹਾਸਕ ਅਸਥਾਨ ਗੁਰਦੁਆਰਾ ਦਾਤਾ ਬੰਦੀ ਛੋੜ ਪਾਤਸ਼ਾਹੀ ਛੇਵੀਂ ਬਣਿਆ ਹੋਇਆ ਹੈ। ਮੀਰੀ ਪੀਰੀ ਦੇ ਦੋ ਨਿਸ਼ਾਨ ਸਾਹਿਬ ਝੂਲਦੇ ਹਨ। ਗੁਰੂ ਘਰ ਦੇ ਨਾਲ ਹੀ ਪਾਵਨ ਸਰੋਵਰ ਵੀ ਬਣਿਆ ਹੋਇਆ ਹੈ।

- ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ (ਮਹਲਾ :੫)

- ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥ (ਭਾਈ ਗੁਰਦਾਸ ਜੀ)

ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਬਾਅਦ ਗੁਰਮਤਾ ਕਰਨ ਦੇ ਲਈ ਦੀਵਾਲੀ ਅਤੇ ਵਿਸਾਖੀ ਨੂੰ ਸਰਬੱਤ ਖਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਤਰ ਹੁੰਦਾ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਵੀ ਦੀਵਾਲੀ ਨਾਲ ਸਬੰਧਿਤ ਹੈ। ਹੋਰ ਬਹੁਤ ਸਾਰਾ ਇਤਿਹਾਸ ਦੀਵਾਲੀ ਬੰਦੀ ਛੋੜ ਨਾਲ ਸੰਬੰਧਿਤ ਹੈ। ਕਲਗੀਧਰ ਪਿਤਾ ਵੱਲੋਂ ਨੁਸ਼ਹਿਰੇ ਦੇ ਸੰਗਤ ਦੇ ਨਾਮ ਦੀਵਾਲੀ ਸਮੇਂ ਅਉਣ ਦਾ ਹੁਕਮਨਾਮਾ ਵੀ ਮਿਲਦਾ ਹੈ।

ਮੀਰੀ ਪੀਰੀ ਦੇ ਮਾਲਕ ਦਾ ੫੨ ਕਲੀਆਂ ਵਾਲਾ ਚੋਲਾ ਅੱਜ ਵੀ ਪਿੰਡ ਘੁਡਾਣੀ ਕਲਾਂ (ਜ਼ਿਲ੍ਹਾ ਲੁਧਿਆਣਾ) ਗੁਰੂ ਘਰ ਸੰਭਾਲ ਕੇ ਰੱਖਿਆ ਹੋਇਆ ਹੈ। ਸੰਗਤ ਦਰਸ਼ਨ ਕਰਦੀ ਹੈ।

ਮੀਰੀ ਪੀਰੀ ਦੇ ਮਾਲਕ ਧੰਨ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾਤਾ ਬੰਦੀ ਛੋੜ ਜੀ ਦੇ ਗਵਾਲੀਅਰ ਕਿਲੇ 'ਚੋਂ ੫੨ ਰਾਜਿਆਂ ਸਮੇਤ ਰਿਹਾਅ ਹੋਣ 'ਤੇ ਬੰਦੀ ਛੋੜ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ! !

ਸਮਾਂ

ਰਹੀ ਵਾਸਤੇ ਘੱਤ
'ਸਮੇਂ' ਨੇ ਇੱਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖੇ ਅਪਣੇ ਵੇਗ
ਗਿਆ ਟੱਪ ਬੰਨੇ ਬੰਨੀ,-

ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨ ਮੁੜਕੇ ਆਂਵਦਾ ।

ਭਾਈ ਵੀਰ ਸਿੰਘ ਜੀ

ਸ੍ਰੀ ਦਰਬਾਰ ਸਾਹਿਬ

(ਹਰਿਮੰਦਰ, ਅੰਮ੍ਰਿਤਸਰ)

ਮਣੀ ਗੁਆਚਿਆਂ ਸੱਪ ਜਿਉਂ ਦੁਖ ਪਾਂਵਦਾ,
ਪੁੱਤ ਗੁਆਚਿਆਂ ਮਾਂ ਜਗ ਨਹੀਂ ਭਾਂਵਦਾ,
ਹਰਿ ਰਸ ਦੀ ਜਦ ਟੋਟ ਪਵੇ ਫਕੀਰ ਨੂੰ
ਪਰਲੋ ਮਚੇ ਚੁਫੇਰ ਤਿਉਂ ਘਬਰਾਂਵਦਾ,-
ਟੁੱਟੀ ਡੋਰ ਜਿ ਦਵਾਰ ਤੇਰੇ ਆਂਵਦਾ,
ਲਹਿਰ ਫਿਰੇ ਇਕ ਵਾਰ ਰੌ ਮੁੜ ਧਾਂਵਦਾ
ਕੀਹ ਅਗੰਮੀ ਖੇਡ ਏਥੇ ਲਹਿਰਦੀ ?
ਅਰਸ਼ ਉਤਰਿਆ ਆਨ ਰਸੀਆਂ ਬਚਾਂਵਦਾ ?

ਭਾਈ ਵੀਰ ਸਿੰਘ ਜੀ

3 ਨਵੰਬਰ ਨੂੰ ਜੋਤੀ ਜੋਤਿ ਦਿਵਸ ਮੌਕੇ

ਸਿਮਰੌ ਸ੍ਰੀ ਹਰਿਰਾਇ

– ਗਿਆਨੀ ਸੰਤੋਖ ਸਿੰਘ
ਆਸਟ੍ਰੇਲੀਆ



‘ਜਾਹਰ ਪੀਰ ਜਗਤ ਗੁਰ ਬਾਬਾ’, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੱਤਵੀਂ ਜੋਤਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ (ਨੱਤੀ ਜੀ) ਦੇ ਗ੍ਰਿਹ ਵਿਖੇ, ੮ ਮਾਰਚ, ਸੰਨ ੧੬੩੦ ਨੂੰ, ਸ੍ਰੀ ਕੀਰਤਪੁਰ ਸਾਹਿਬ ਪਰਗਟ ਹੋਏ।

ਆਪ ਜੀ ‘ਦਲ ਭੰਜਨ ਗੁਰ ਸੂਰਮਾ’ ਜੀ ਦੇ ਛੋਟੇ ਪੋਤਰੇ ਸਨ। ਦਾਦਾ ਗੁਰੂ ਜੀ ਦੀ ਸੁਚੱਜੀ ਅਗਵਾਈ ਹੇਠ ਆਪ ਜੀ ਨੇ ਸੰਸਾਰੀ ਤੇ ਨਿਰੰਕਾਰੀ ਵਿੱਦਿਆ ਪ੍ਰਾਪਤ ਕੀਤੀ। ਜਿਥੇ ਆਪ ਜੀ ਸੂਰਮੇ ਸਨ, ਓਥੇ ਫੁੱਲਾਂ ਸਮਾਨ ਨਰਮ ਹਿਰਦੇ ਵਾਲੇ, ਪ੍ਰਭੂ ਭਗਤੀ ਵਿਚ ਲੀਨ ਤੇ ਸਾਧੂ ਸੁਭਾ ਦੇ ਮਾਲਕ ਵੀ ਸਨ। ਉਹਨਾਂ ਦੇ ਹਿਰਦੇ ਦੀ ਕੋਮਲਤਾ ਨੂੰ ਦਰਸਾਉਂਦੀ ਉਹਨਾਂ ਦੇ ਬਚਪਨ ਸਮੇ ਦੀ ਇਕ ਸਾਖੀ ਸਿੱਖ ਇਤਿਹਾਸ ਵਿਚ ਇਉਂ ਪ੍ਰਾਪਤ ਹੁੰਦੀ ਹੈ:

> ਆਪ ਜੀ ਇਕ ਦਿਨ ਆਪਣੇ ਬਾਗ਼ ਵਿਚ ਟਹਿਲ ਰਹੇ ਸਨ ਕਿ ਤੇਜ਼ ਹਵਾ ਦਾ ਇਕ ਬੁੱਲਾ ਆਇਆ। ਉਸ ਬੁੱਲੇ ਦੇ ਜ਼ੋਰ ਨਾਲ ਆਪ ਜੀ ਦਾ ਖੁਲ੍ਹਾ ਜਾਮਾ ਲਹਿਰਾਇਆ ਤੇ ਉਸ ਦੇ ਵੱਜਣ ਨਾਲ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਕੇ ਭੁੰਜੇ ਡਿਗ ਪਏ। ਫੁੱਲ ਟੁੱਟਣ ’ਤੇ ਉਹਨਾਂ ਦੀਆਂ ਪੱਤੀਆਂ ਦਾ ਮਿੱਟੀ ਵਿਚ ਰੁਲਣਾ ਵੇਖ ਕੇ ਆਪ ਜੀ ਦਾ ਕੋਮਲ ਹਿਰਦਾ ਵੈਰਾਗਵਾਨ ਹੋ ਗਿਆ ਕਿ ਸੁੰਦਰਤਾ ਘੱਟੇ ਵਿਚ ਰੁਲ ਗਈ। ਇਸ ਸਮੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੀ ਅਚਾਨਕ ਓਥੇ ਆਏ ਤਾਂ ਪੋਤਰੇ ਨੂੰ ਨਿਮੋਝੂਣਤਾ ਵਿਚ ਵੇਖ ਕੇ ਕਾਰਨ ਪੁੱਛਿਆ ਤਾਂ ਉਹਨਾਂ ਦੇ ਦੱਸਣ ’ਤੇ ਗੁਰੂ ਜੀ ਨੇ ਆਖਿਆ ਕਿ ਵੱਡਾ ਜਾਮਾ ਪਾਈਏ ਤਾਂ ਉਸ ਨੂੰ ਸੰਭਾਲ ਕੇ ਵਿਚਰਨਾ ਚਾਹੀਦਾ ਹੈ। ਗੁਰੂ ਜੀ ਦਾ ਗੁੱਝਾ ਉਪਦੇਸ਼ ਸੀ ਕਿ ਵੱਡੀ ਸ਼ਕਤੀ ਦੇ ਮਾਲਕ ਹੋਣ ਕਰਕੇ ਵੱਡੀ ਸਾਵਧਾਨੀ ਦੀ ਲੋੜ ਹੁੰਦੀ ਹੈ। ਖ਼ਿਆਲ ਰੱਖੀਏ ਕਿ ਉਸ ਸ਼ਕਤੀ ਨਾਲ ਵਿੱਸਰ ਭੋਲੇ ਵੀ ਕਿਸੇ ਦਾ ਨੁਕਸਾਨ ਨਾ ਹੋ ਜਾਵੇ। ਦਾਦਾ ਗੁਰੂ ਜੀ ਦੀ ਇਸ ਸਿੱਖਿਆ ਨੂੰ ਆਪ ਜੀ ਨੇ ਸਾਰੀ ਉਮਰ ਹੀ ਧਿਆਨ ਵਿਚ ਰੱਖ ਕੇ ਇਸ ਉਪਰ ਅਮਲ ਕੀਤਾ।

ਆਪ ਜੀ ਦਾ ਵਿਆਹ ਬੁਲੰਦ ਸ਼ਹਿਰ ਦੇ ਵਾਸੀ ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਇਆ ਤੇ ਦੋ ਸਾਹਿਬਜ਼ਾਦੇ, ਬਾਬਾ ਰਾਮ ਰਾਇ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਆਪ ਜੀ ਦੇ ਗ੍ਰਿਹ ਵਿਖੇ ਪਰਗਟ ਹੋਏ।

ਦਾਦਾ ਗੁਰੂ ਜੀ ਨੇ ਮਾਰਚ, ਸੰਨ ੧੬੪੪ ਨੂੰ ਜੋਤੀ ਜੋਤਿ ਸਮਾਉਣ ਸਮੇ, ਆਪ ਜੀ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਗੁਰਗੱਦੀ ਉਪਰ ਸੁਸ਼ੋਭਤ ਕਰ ਦਿੱਤਾ।

ਗੁਰਗੱਦੀ ਉਪਰ ਬਿਰਾਜਮਾਨ ਹੋਣ ਉਪ੍ਰੰਤ ਆਪ ਜੀ ਨੇ ਸਾਵਧਾਨਤਾ ਤੇ ਤਤਪਰਤਾ ਸਹਿਤ ਗੁਰਮਤਿ ਦੀ ਸਿੱਖਿਆ ਉਪਰ ਦ੍ਰਿੜਤਾ ਨਾਲ ਖੁਦ ਅਮਲ ਕੀਤਾ ਤੇ ਸਿੱਖ ਸੰਗਤਾਂ ਪਾਸੋਂ ਕਰਵਾਇਆ। ਗੁਰੂ ਨਾਨਕ ਪਾਤਿਸ਼ਾਹ ਜੀ ਦੇ, ਮਨੁੱਖਾ ਜੀਵਨ ਦੀ ਭਲਾਈ ਹਿਤ ਦਿੱਤੇ ਗਏ ਮਹਾਨ ਉਪਦੇਸ਼, 'ਨਾਮ, ਦਾਨ ਤੇ ਇਸ਼ਨਾਨ' ਦੇ ਅਸੂਲ ਦੀ ਪਾਲਣਾ ਦੇ ਨਾਲ ਨਾਲ ਆਪ ਜੀ ਨੇ ਗੁਰੂ ਕੇ ਲੰਗਰ ਤੇ ਗੁਰਸਿੱਖਾਂ ਦੇ ਘਰਾਂ ਅੰਦਰ ਚੱਲਦੇ ਲੰਗਰਾਂ ਵਾਸਤੇ ਵੀ ਉਚੇਚਾ ਉਪਦੇਸ਼ ਫ਼ਰਮਾਇਆ ਕਿ ਜਿਸ ਵੀ ਸਮੇ ਕੋਈ ਜਦੋਂ ਲੋੜਵੰਦ ਆਵੇ ਤਾਂ ਉਸ ਨੂੰ ਲੰਗਰ ਛਕਾਉਣ ਵਿਚ ਕੁਤਾਹੀ ਨਾ ਕੀਤੀ ਜਾਵੇ।

ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ, ਗੁਰਿਆਈ ਬਖ਼ਸ਼ਿਸ਼ ਕਰਨ ਸਮੇ, ਦਾਦਾ ਗੁਰੂ ਜੀ ਨੇ ਆਪ ਜੀ ਨੂੰ ਆਗਿਆ ਕੀਤੀ ਸੀ ਕਿ ਜੰਗ ਤੋਂ ਸੰਕੋਚ ਰੱਖਣਾ। ਬਾਈ ਸੌ ਤਿਆਰ ਬਰ ਤਿਆਰ ਘੋੜ ਸਵਾਰ ਸੂਰਮਿਆਂ ਦਾ ਦਸਤਾ ਸਦਾ ਆਪ ਜੀ ਦੇ ਅੰਗ ਸੰਗ ਰਹਿੰਦਾ ਸੀ। ਉਹਨਾਂ ਸੂਰਮਿਆਂ ਤੇ ਘੋੜਿਆਂ ਦੀ ਸੰਭਾਲ ਆਪ ਜੀ ਉਚੇਚਾ ਧਿਆਨ ਰੱਖ ਕੇ ਕਰਦੇ ਸਨ। ਸ਼ਿਕਾਰ ਸਮੇ ਆਪ ਜੀ ਦਾ ਯਤਨ ਹੁੰਦਾ ਸੀ ਕਿ ਜਾਨਵਰ ਜੀਂਦਾ ਫੜ ਕੇ ਆਪਣੇ ਬਾਗ਼ ਵਿਚ ਲਿਆ ਕੇ ਉਸ ਦੀ ਸੰਭਾਲ ਕੀਤੀ ਜਾਵੇ। ਇਸ ਤਰ੍ਹਾਂ ਆਪ ਜੀ ਦਾ ਬਾਗ਼ ਇਕ ਤਰ੍ਹਾਂ ਦਾ ਚਿੜੀਆ ਘਰ ਹੀ ਬਣ ਗਿਆ ਸੀ।

ਜਿਥੇ ਆਪ ਜੀ ਮਨੁੱਖਾਂ ਦੀ ਆਤਮਿਕ ਸੰਭਾਲ ਕਰਦੇ ਸਨ, ਓਥੇ ਲੰਗਰ ਤੇ ਦਵਾਖ਼ਾਨੇ ਦੁਆਰਾ ਭੁੱਖ ਤੇ ਰੋਗਾਂ ਦੀ ਨਿਵਿਰਤੀ ਵੱਲ ਵੀ ਪੂਰਾ ਧਿਆਨ ਦਿੰਦੇ ਸਨ। ਆਪ ਜੀ ਦਾ ਦਵਾਖ਼ਾਨਾ ਏਨਾ ਪ੍ਰਸਿੱਧ ਹੋ ਚੁੱਕਾ ਸੀ ਕਿ ਦੂਰੋਂ ਦੂਰੋਂ ਲੋੜਵੰਦ ਆ ਕੇ ਆਪਣੇ ਸਰੀਰਕ ਰੋਗਾਂ ਦਾ ਇਲਾਜ ਕਰਵਾਇਆ ਕਰਦੇ ਸਨ। ਏਥੇ ਉਹਨਾਂ ਦੇ ਇਲਾਜ ਦੇ ਨਾਲ ਹੋਰ ਵੀ ਹਰ ਪ੍ਰਕਾਰ ਦੀ ਸੇਵਾ ਦੁਆਰਾ ਆਤਮਿਕ ਤੇ ਸਰੀਰਕ ਤੰਦਰੁਸਤੀ ਦੀ ਬਖ਼ਸ਼ਿਸ਼ ਹੁੰਦੀ। ਇਕ ਵਾਰੀ ਦੇਸ਼ ਦੇ ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਪੁੱਤਰ, ਦਾਰਾ ਸ਼ਿਕੋਹ ਬੀਮਾਰ ਹੋਇਆ ਤਾਂ ਉਸ ਦੇ ਇਲਾਜ ਵਾਸਤੇ ਖ਼ਾਸ ਚੀਜ਼ਾਂ ਆਪ ਜੀ ਦੇ ਦਵਾਖ਼ਾਨੇ ਤੋਂ ਹੀ ਪ੍ਰਾਪਤ ਹੋਈਆਂ ਸਨ ਤੇ ਉਸ ਨਾਲ ਦਾਰਾ ਸ਼ਿਕੋਹ ਰਾਜ਼ੀ ਹੋਇਆ ਸੀ।

ਆਪ ਜੀ ਗੋਇੰਦਵਾਲ ਵਿਖੇ ਸਨ ਕਿ ਦਿੱਲੀ ਦੇ ਤਖ਼ਤ ਉਪਰ ਕਬਜ਼ੇ ਦੀ ਲੜਾਈ ਵਿਚ ਨਿੱਕੇ ਭਰਾ ਔਰੰਗਜ਼ੇਬ ਦਾ ਭਜਾਇਆ ਦਾਰਾ ਸ਼ਿਕੋਹ ਆਪ ਜੀ ਪਾਸ ਆਇਆ ਅਤੇ ਇਕ ਦਿਨ ਵਾਸਤੇ ਔਰੰਗਜ਼ੇਬ ਦੀਆਂ ਪਿੱਛਾ ਕਰਦੀਆਂ ਆ ਰਹੀਆਂ ਫ਼ੌਜਾਂ ਨੂੰ ਰੋਕਣ ਵਾਸਤੇ ਬੇਨਤੀ ਕੀਤੀ ਤਾਂ ਕਿ ਉਹ ਸੁਰੱਖਿਅਤ ਅੱਗੇ ਨਿਕਲ ਸਕੇ। ਆਪ ਜੀ ਨੇ ਇਕ ਦਿਨ ਵਾਸਤੇ ਆਪਣੇ ਬਾਈ ਸੌ ਸਵਾਰਾਂ ਨਾਲ ਬਿਆਸ ਦਰਿਆ ਦਾ ਸੱਜਾ ਕੰਢਾ ਇਸ ਤਰ੍ਹਾਂ ਮੱਲ ਲਿਆ ਤੇ ਬੇੜੀਆਂ ਵੀ ਕਬਜ਼ੇ ਵਿਚ ਕਰ ਲਈਆਂ ਕਿ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਇਕ ਦਿਨ ਲਈ ਦਰਿਆ ਦੇ ਖੱਬੇ ਕੰਢੇ ਉਤੇ ਹੀ ਰੁਕਣਾ ਪਿਆ ਤੇ ਇਸ ਦੌਰਾਨ ਦਾਰਾ ਸ਼ਿਕੋਹ ਦੂਰ ਨਿਕਲ ਗਿਆ। ਇਸ ਤਰ੍ਹਾਂ ਦਾਰਾ ਸ਼ਿਕੋਹ ਦੀ ਬੇਨਤੀ ਵੀ ਮੰਨੀ ਗਈ ਤੇ ਗੁਰੂ ਜੀ ਨੇ ਖੂਨ ਖਰਾਬਾ ਵੀ ਨਾ ਹੋਣ ਦਿੱਤਾ।

ਸਾਰੇ ਭਰਾਵਾਂ ਦੀ ਅਲਖ ਮੁਕਾ ਕੇ ਔਰੰਗਜ਼ੇਬ ਨੇ ਜਦੋਂ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕਰ ਲਿਆ ਤਾਂ ਉਸ ਨੇ ਆਪਣੀ ਇਤਿਹਾਸ ਪ੍ਰਸਿੱਧ ਕੁਨੀਤੀ ਅਨੁਸਾਰ ਸਾਰੇ ਹਿੰਦੁਸਤਾਨ ਦੇ ਇਸਲਾਮੀਕਰਣ ਦੀ ਮੁਹਿੰਮ ਵਿਢ ਦਿੱਤੀ। ਏਸੇ ਸਬੰਧ ਵਿਚ ਹੀ ਉਸ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਬੁਲਾਇਆ ਪਰ ਗੁਰੂ ਜੀ ਨੇ ਆਪ ਜਾਣ ਦੀ ਬਜਾਇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਦਿੱਲੀ ਨੂੰ ਜਾਣ ਸਮੇ ਸਾਹਿਬਜ਼ਾਦੇ ਨੂੰ ਗੁਰੂ ਜੀ ਨੇ ਆਗਿਆ ਕੀਤੀ ਕਿ ਗੁਰੂ ਨਾਨਕ ਪਾਤਿਸ਼ਾਹ ਦੀ ਸਿੱਖਿਆ ਦਾ ਨਿਰਭੈਤਾ ਸਹਿਤ ਵਰਨਣ ਕਰਨਾ। ਕਿਸੇ ਪ੍ਰਕਾਰ ਦੀ ਸ਼ਾਹੀ ਝੇਂਪ ਨਹੀਂ ਮੰਨਣੀ। ਗੁਰੂ ਨਾਨਕ ਜੀ ਹਰ ਪ੍ਰਕਾਰ ਸਹਾਈ ਹੋਣਗੇ। ਬਾਬਾ ਰਾਮ ਰਾਇ ਜੀ ਨਾਲ ਹੋਈ ਗੋਸ਼ਟ ਸਮੇ ਉਹਨਾਂ ਵੱਲੋਂ ਦਿੱਤੇ ਗਏ ਉਤਰਾਂ ਤੇ ਬਚਨਾਂ ਨਾਲ ਔਰੰਗਜ਼ੇਬ ਨਿਰੁਤਰ ਤੇ ਪ੍ਰਭਾਵਤ ਹੋਇਆ ਤੇ ਉਸ ਨੂੰ ਦਰਬਾਰ ਵਿਚ ਸ਼ਾਹੀ ਇੱਜ਼ਤ ਤੇ ਮਾਣ ਸਤਿਕਾਰ ਦਿੱਤਾ ਗਿਆ।

ਇਕ ਦਿਨ ਔਰੰਗਜ਼ੇਬ ਨੇ ਅਚਾਨਕ, ''ਮਿਟੀ ਮੁਸਲਮਾਨ ਕੀ'' ਵਾਲਾ ਸਵਾਲ ਸਾਹਿਬਜ਼ਾਦੇ ਨੂੰ ਕਰ ਦਿੱਤਾ।

ਨੌਜਵਾਨ ਸਾਹਿਬਜ਼ਾਦੇ ਨੇ ਸ਼ਾਹੀ ਮਾਣ, ਸਨਮਾਨ ਤੇ ਰੋਹਬ ਦੇ ਪ੍ਰਭਾਵ ਹੇਠ ਆ ਕੇ ਜਵਾਬ ਦੇਣ ਵਿਚ ਦੁਨਿਆਵੀ ਸਿਆਣਪ ਵਰਤਦਿਆਂ ਹੋਇਆਂ ਕੁਝ ਕਮਜ਼ੋਰੀ ਵਿਖਾ ਦਿੱਤੀ। ਔਰੰਗਜ਼ੇਬ ਵੀ ਖੁਸ਼ ਹੋ ਗਿਆ ਤੇ ਸਮਾ ਵੀ ਟਲ ਗਿਆ ਪਰ ਜਦੋਂ ਪਿਤਾ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਉਸ ਨੂੰ ਗੁਰੂ ਘਰ ਵਿਚੋਂ ਔਰੰਗਜ਼ੇਬ ਦੇ ਦਰਬਾਰ ਵਿਚ ਵਿਖਾਈ ਗਈ ਉਸ ਦੀ ਕਮਜ਼ੋਰੀ ਦੇ ਕਾਰਨ, ਸਿੱਖੀ ਵਿਚੋਂ ਸਦਾ ਲਈ ਛੇਕ ਦਿੱਤਾ ਤੇ ਸੰਗਤਾਂ ਨੂੰ ਵੀ ਹੁਕਮ ਕਰ ਦਿੱਤਾ ਕਿ ਇਸ ਨਾਲ ਕੋਈ ਨਾ ਵਰਤੇ।

ਰਾਮ ਰਾਇ ਫਿਰ ਗੁਰੂ ਘਰ ਦਾ ਵਿਰੋਧੀ ਹੋ ਗਿਆ। ਉਸ ਨੂੰ ਔਰੰਗਜ਼ੇਬ ਨੇ ਦੇਹਰਾਦੂਨ ਵਿਖੇ ਜਾਗੀਰ ਦੇ ਦਿੱਤੀ ਜਿਥੇ ਹੁਣ ਵੀ ਉਸ ਦਾ ਡੇਰਾ ਮੌਜੂਦ ਹੈ।

ਆਪ ਜੀ ਨੇ ਆਪਣੇ ਗੁਰਗੱਦੀ ਸਮੇ ਦੌਰਾਨ ਦੂਰ ਦੁਰਾਡੇ ਤੱਕ ਸਿੱਖ ਧਰਮ ਦਾ ਪ੍ਰਚਾਰ ਕੀਤਾ। ਮਨੁੱਖਤਾ ਦੀ ਭਲਾਈ ਵਾਸਤੇ ਬਹੁਤ ਸਾਰੇ ਕਾਰਜ ਕੀਤੇ ਤੇ ਆਪਣੇ ਸਿੱਖਾਂ ਨੂੰ ਵੀ ਇਸ ਪਾਸੇ ਦੀ ਭਰਪੂਰ ਪ੍ਰੇਰਨਾ ਕੀਤੀ।

ਗੁਰੂ ਜੀ ਦਾ ਦਿਨੋ ਦਿਨ ਵਧਦਾ ਪ੍ਰਤਾਪ ਵੇਖ ਕੇ ਗਵਾਂਢੀ ਪਹਾੜੀ ਰਾਜਿਆਂ ਦੇ ਮਨਾਂ ਅੰਦਰ ਈਰਖਾ ਜਾਗ ਪਈ। ਇਕ ਦਿਨ ਦੋ ਰਾਜੇ ਫ਼ੌਜ ਲੈ ਕੇ ਕੀਰਤਪੁਰ ਸਾਹਿਬ ਆ ਗਏ। ਉਹਨਾਂ ਦੇ ਦਿਲਾਂ ਵਿਚ ਮੰਦ ਭਾਵਨਾ ਸੀ ਕਿ ਗੁਰੂ ਜੀ ਪਾਸੋਂ ਧਨ ਉਗਰਾਹਵਾਂਗੇ ਜਾਂ ਫਿਰ ਉਹਨਾਂ ਨੂੰ ਕੀਰਤਪੁਰੋਂ ਕੱਢ ਦਿਆਂਗੇ। ਇਕ ਤਲਾ ਕੰਢੇ ਉਹਨਾਂ ਨੇ ਉਤਾਰਾ ਕੀਤਾ। ਅਗਲੇ ਦਿਨ ਉਹ ਰਾਜੇ ਗੁਰੂ ਦਰਬਾਰ ਵਿਚ ਆਏ ਤੇ ਗੁਰੂ ਜੀ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਆਪ ਜੀ ਨੇ ਉਹਨਾਂ ਦੇ ਹਿਰਦੇ ਦੀ ਮਾੜੀ ਭਾਵਨਾ ਜਾਣ ਕੇ ਫ਼ਰਮਾਇਆ, "ਫ਼ਕੀਰਾਂ ਪਾਸੋਂ ਕਰ ਨਹੀਂ ਉਗਰਾਹੀਦੇ ਹੁੰਦੇ। ਚਾਹੋ ਤਾਂ ਤੁਹਾਨੂੰ ਨਾਮ ਧਨ ਦਿੱਤਾ ਜਾ ਸਕਦਾ ਹੈ ਜੋ ਕਿ ਸੱਚਾ ਧਨ ਹੈ ਤੇ ਅਗਲੇ ਜਹਾਨ ਵੀ ਤੁਹਾਡੇ ਨਾਲ ਜਾਵੇਗਾ।"

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਉਹਨਾਂ ਨੂੰ ਸੁਮੱਤ ਆ ਗਈ ਤੇ ਉਹ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਉਪਰ ਝੁਕ ਗਏ ਤੇ ਗੁਰਸਿੱਖੀ ਦੀ ਦਾਤ ਮੰਗੀ।

ਹੋਰ ਸਿੱਖਿਆ ਤੋਂ ਇਲਾਵਾ ਗੁਰੂ ਜੀ ਨੇ ਉਹਨਾਂ ਨੂੰ ਚੰਗੇ ਰਾਜੇ ਬਣਨ ਦਾ ਉਪਦੇਸ਼ ਦਿੰਦਿਆਂ ਹੋਇਆਂ ਚੰਗੇ ਰਾਜੇ ਦੇ ਫ਼ਰਜ਼ਾਂ ਤੋਂ ਜਾਣੂ ਕਰਵਾਉਣ ਲਈ ਫ਼ਰਮਾਇਆ: ਰਾਜਾ ਇਨਸਾਫ਼ ਕਰੇ, ਹਲੀਮੀ ਵਾਲਾ ਰਾਜ ਕਰੇ, ਪਰਜਾ ਨੂੰ ਦੁੱਖ ਨਾ ਦੇਵੇ, ਕਿਉਂਕਿ ਪਰਜਾ ਦੇ ਦੁੱਖ 'ਤੇ ਕਰਤਾਰ ਨਾਰਾਜ਼ ਹੋਵੇਗਾ, ਪਰ ਨਾਰੀ ਤੇ ਪਰ ਧਨ ਦਾ ਤਿਆਗ ਕਰੇ, ਸ਼ਰਾਬ ਨਾ ਪੀਵੇ, ਪਰਜਾ ਦੇ ਦੁੱਖ ਸੁਣ ਕੇ ਦੂਰ ਕਰੇ। ਪਰਜਾ ਜੜ੍ਹ ਹੁੰਦੀ ਹੈ ਤੇ ਰਾਜਾ ਟਾਹਣੀ। ਜੇਹੜਾ ਰਾਜਾ ਪਰਜਾ ਨੂੰ ਦੁਖੀ ਕਰਦਾ ਹੈ ਉਹ ਆਪਣੀ ਜੜ੍ਹਾਂ ਖੁਦ ਕੁਹਾੜਾ ਮਾਰਦਾ ਹੈ। ਤੁਸੀਂ ਲੋਕਾਂ ਦੇ ਭਲੇ ਲਈ ਤਾਲ, ਖੂਹ, ਪੁਲ, ਪਾਠਸ਼ਾਲਾ, ਧਰਮਸਾਲਾ ਬਣਾਓ, ਦਵਾਖ਼ਾਨਾ ਖੋਹਲੋ ਅਤੇ ਧਰਮ ਦਾ ਪ੍ਰਚਾਰ ਕਰੋ।

ਭਾਵੇਂ ਕਿ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੇ ਸਰਕਾਰੀ ਰਸੂਖ, ਗੁਰੂ ਘਰ ਦੇ ਵਿਰੋਧੀ ਕੁਝ ਮਸੰਦਾਂ, ਧੀਰ ਮੱਲ ਆਦਿ ਦੀ ਸਹਾਇਤਾ ਨਾਲ ਗੁਰਗੱਦੀ ਹਥਿਆਉਣ ਦੇ ਯਤਨ ਕੀਤੇ ਪਰ ਆਪ ਜੀ ਨੇ ਇਸ ਸਭ ਕਾਸੇ ਦੀ ਵਿਚਾਰ ਤੋਂ ਉਪਰ ਉਠ ਕੇ ਤੇ ਯੋਗ ਜਾਣ ਕੇ, ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਉਪਰ ਬਿਰਾਜਮਾਨ ਕਰ ਦਿੱਤਾ। ਉਪ੍ਰੰਤ ਆਪ ਜੀ, ੬ ਅਕਤੂਬਰ ਸੰਨ ੧੬੬੧ ਨੂੰ, ਪੌਣੇ ਕੁ ਬੱਤੀ ਸਾਲ ਦੀ ਸਰੀਰਕ ਉਮਰ ਇਸ ਸੰਸਾਰ ਵਿਚ ਬਿਤਾ ਕੇ, ਜੋਤੀ ਜੋਤਿ ਸਮਾ ਗਏ।

(ਲੇਖਕ ਦੀ ਕ੍ਰਿਤ 'ਸਚਾ ਦਾ ਢੋਆ' ਵਿਚੋਂ)

3 ਨਵੰਬਰ ਨੂੰ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼:

ਸ੍ਰੀ ਹਰਿਕ੍ਰਿਸ਼ਨ ਧਿਆਈਐ



ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਪਰ ਅੱਠਵੇਂ ਸਥਾਨ 'ਤੇ ਬਿਰਾਜਮਾਨ ਹੋਏ। ਸਤਿਗੁਰੂ ਜੀ ਦਾ ਆਗਮਨ, ਸੱਤਵੇਂ ਸਤਿਗੁਰੂ, ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਿਹ ਵਿਖੇ, ੭ ਜੁਲਾਈ ਸੰਨ ੧੬੫੬ ਨੂੰ, ਸ੍ਰੀ ਕੀਰਤਪੁਰ ਸਾਹਿਬ ਦੇ ਸਥਾਨ 'ਤੇ ਹੋਇਆ। ੭ ਅਕਤੂਬਰ ਸੰਨ ੧੬੬੧ ਵਾਲੇ ਦਿਨ ਆਪ ਜੀ ਗੁਰਗੱਦੀ 'ਤੇ ਸੁਸ਼ੋਭਤ ਹੋਏ।

ਜਿਸ ਸਮੇ ਗੁਰਗੱਦੀ ਦੀ ਜੁੰਮੇਵਾਰੀ ਆਪ ਜੀ ਦੇ ਮੋਢਿਆਂ ਉਪਰ ਆਈ, ਉਸ ਸਮੇ ਆਪ ਜੀ ਦੀ ਸਰੀਰਕ ਆਯੂ ਕੇਵਲ ਸਵਾ ਕੁ ਪੰਜ ਸਾਲ ਦੀ ਸੀ। ਇਸ ਕਰਕੇ ਕਈ ਸ਼ੰਕਾਵਾਦੀ 'ਕਿੰਤੂ ਪ੍ਰੰਤੂ' ਵੀ ਕਰਨ ਲੱਗੇ ਕਿ ਇਕ ਬੱਚਾ ਕਿਵੇਂ ਗੁਰੂ ਹੋ ਸਕਦਾ ਹੈ ਪਰ ਸਤਿਗੁਰੂ ਜੀ ਨੇ ਹਰ ਸ਼ੰਕਾਵਾਦੀ ਦੀ ਸ਼ੰਕਾ, ਦੁਨਿਆਵੀ ਅਤੇ ਅਧਿਆਤਮਿਕ ਸ਼ਕਤੀ ਦੁਆਰਾ, ਦੂਰ ਕੀਤੀ। ਇਸ ਪ੍ਰਥਾਇ ਸਿੱਖ ਇਤਿਹਾਸ ਵਿਚ ਇਕ ਪ੍ਰਸਿੱਧ ਸਾਖੀ ਇਸ ਪ੍ਰਕਾਰ ਅੰਕਤ ਹੈ:

> ਜਦੋਂ ਰਾਜਾ ਜੈ ਸਿੰਘ ਦੀ ਅਧੀਨਗੀ ਸਹਿਤ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰ ਕੇ, ਸਤਿਗੁਰੂ ਜੀ ਦਿੱਲੀ ਨੂੰ ਜਾ ਰਹੇ ਸਨ ਤਾਂ ਇਕ ਪੜਾ ਆਪ ਜੀ ਨੇ ਜ਼ਿਲ੍ਹਾ ਅੰਬਾਲਾ ਦੇ ਪਿੰਡ ਪੰਜੋਖਰਾ ਵਿਖੇ ਕੀਤਾ। ਓਥੇ ਇਕ ਸ਼੍ਰੀ ਲਾਲ ਚੰਦ ਨਾਮ ਦਾ ਬਹੁਤ ਵਿਦਵਾਨ ਪੰਡਿਤ ਰਹਿੰਦਾ ਸੀ। "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ" ਅਨੁਸਾਰ ਉਸ ਵਿਚ ਵਿੱਦਿਆ, ਜਾਤ, ਸਿਆਣਪ ਆਦਿ ਦਾ ਅਹੰਕਾਰ ਵੀ ਬਹੁਤ ਸੀ। ਉਹ ਖ਼ਾਸ ਕਰਕੇ ਗੀਤਾ ਦੇ ਗਿਆਨ ਅਤੇ 'ਚੁੰਝ ਚਰਚਾ' ਵਿਚ ਖੁਦ ਨੂੰ ਬੜਾ 'ਤੀਸਮਾਰ ਖਾਂ' ਸਮਝਦਾ ਸੀ। ਉਸ ਨੇ ਸਤਿਗੁਰੂ ਜੀ ਦਾ ਜਾਹੋ-ਜਲਾਲ ਵੇਖ ਕੇ, ਉਤਸੁਕਤਾ ਵੱਸ ਇਕ ਸਿੱਖ ਪਾਸੋਂ ਪਤਾ ਕੀਤਾ ਤਾਂ ਉਸ ਸਿੱਖ ਨੇ ਬੜੀ ਸ਼ਰਧਾ ਸਹਿਤ ਸਾਰਾ ਵੇਰਵਾ ਵਰਨਣ ਕੀਤਾ। ਸਤਿਗੁਰੂ ਜੀ ਦਾ ਪਵਿੱਤਰ ਨਾਮ ਸੁਣ ਕੇ, ਪੰਡਿਤ ਆਪਣੇ ਅਹੰਕਾਰ ਦੇ ਅਧੀਨ ਫਿੱਕੇ ਬਚਨ ਬੋਲਣ ਲੱਗ ਪਿਆ, "ਇਕ ਸ਼੍ਰੀ ਕ੍ਰਿਸ਼ਨ ਜੀ ਹੋਏ ਹਨ ਜਿਨ੍ਹਾਂ ਨੇ ਗੀਤਾ ਉਚਾਰੀ ਹੈ। ਇਹਨਾਂ ਨੇ ਨਾਮ ਉਹਨਾਂ ਤੋਂ ਵੀ ਵੱਡਾ ਰਖਾ ਲਿਆ ਹੈ। ਤਾਂ ਮੰਨੀਏ ਜੇਕਰ ਇਹ ਉਸ ਗੀਤਾ ਦੇ ਅਰਥ ਹੀ ਕਰ ਦੇਣ!" ਆਦਿ।

ਸਿੱਖ ਨੇ ਪੰਡਿਤ ਜੀ ਦੇ ਅਹੰਕਾਰ ਭਰੇ ਬੋਲ ਸਤਿਗੁਰੂ ਜੀ ਤੱਕ ਪੁਚਾ ਦਿੱਤੇ। ਸਤਿਗੁਰੂ ਜੀ ਨੇ ਮੁਸਕਰਾ ਕੇ, ਪੰਡਿਤ ਜੀ ਨੂੰ ਸੱਦਣ ਦੀ ਆਗਿਆ ਕੀਤੀ।

ਸਤਿਗੁਰੂ ਜੀ ਦਾ ਸੱਦਾ ਸੁਣ ਕੇ ਪੰਡਿਤ ਬੜੀ ਆਕੜ ਸਹਿਤ ਸਤਿਗੁਰੂ ਜੀ ਵੱਲ ਚੱਲ ਪਿਆ। ਬੜੀ ਸ਼ਾਨ ਸਹਿਤ ਧਾਰਮਿਕ ਚਿੰਨ੍ਹਾਂ ਨਾਲ ਸਜਿਆ ਹੋਇਆ, ਸਮੇਤ ਗੀਤਾ ਦੇ ਕਈ ਗ੍ਰੰਥ ਚੁੱਕ ਕੇ ਤੁਰੇ ਜਾਂਦੇ ਨੂੰ ਵੇਖ, ਹੋਰ ਵਹੀਰ

ਵੀ ਨਾਲ ਹੋ ਤੁਰੀ। ਸਤਿਗੁਰੂ ਜੀ ਦੇ ਦਰਬਾਰ ਵਿਚ ਪੁੱਜਣ 'ਤੇ ਮਰਯਾਦਾ ਅਨੁਸਾਰ ਉਸ ਨੇ ਸਤਿਗੁਰੂ ਜੀ ਨੂੰ ਨਮਸਕਾਰ ਵੀ ਨਾ ਕੀਤੀ, ਇਹ ਜਾਣ ਕੇ ਕਿ ਉਹ ਵੱਡਾ ਵਿਦਵਾਨ ਇਕ ਬਾਲਕ ਅੱਗੇ ਕਿਉਂ ਝੁਕੇ। ਸਤਿਗੁਰੂ ਜੀ ਨੇ ਧੀਰਜ ਅਤੇ ਸਤਿਕਾਰ ਸਹਿਤ ਪੁੱਛਿਆ, "ਪੰਡਿਤ ਜੀ, ਕੀ ਆਪ ਜੀ ਗੀਤਾ ਦੇ ਅਰਥ ਸੁਣਨਾ ਚਾਹੁੰਦੇ ਹੋ?" "ਹਾਂ ਜੀ; ਮੈਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹਾਂ ਕਿਉਂਕਿ ਤੁਸੀਂ ਸ਼੍ਰੀ ਹਰਿਕ੍ਰਿਸ਼ਨ ਅਖਵਾਉਂਦੇ ਹੋ ਤੇ ਗੀਤਾ ਸ੍ਰੀ ਕ੍ਰਿਸ਼ਨ ਜੀ ਨੇ ਉਚਾਰੀ ਹੈ। ਜੇ ਤੁਸੀਂ ਸੱਚੇ ਗੁਰੂ ਤੇ ਬ੍ਰਹਮ ਗਿਆਨ ਦੇ ਗਿਆਤਾ ਹੋ ਤਾਂ ਸੰਸਕ੍ਰਿਤ ਵਿਚ ਉਚਾਰੀ ਗੀਤਾ ਦੇ ਭਾਸ਼ਾ ਵਿਚ ਸ਼ਬਦ-ਅਰਥ ਤੇ ਭਾਵ-ਅਰਥ ਕਰ ਕੇ ਦੱਸੋ।"

ਸਤਿਗੁਰੂ ਜੀ ਦੇ ਇਹ ਆਖਣ 'ਤੇ ਕਿ ਜੇਕਰ ਅਸਾਂ ਅਰਥ ਕਰ ਦਿੱਤੇ ਤਾਂ ਤੁਸੀਂ ਸ਼ਾਇਦ ਸਮਝੋਗੇ ਕਿ ਕਿਸੇ ਪੰਡਿਤ ਪਾਸੋਂ ਸੁਣ ਕੇ ਕੰਠ ਕਰ ਲਏ ਹੋਣਗੇ। ਕਿਉਂਕਿ ਤੁਸੀਂ ਗੁਰੂ ਨਾਨਕ ਦੇ ਘਰ ਦੀ ਪ੍ਰੀਖਿਆ ਲੈਣੀ ਚਾਹੁੰਦੇ ਹੋ, ਇਸ ਲਈ ਆਪਣੇ ਸ਼ਹਿਰ ਵਿਚੋਂ ਕੋਈ ਅਨਪੜ੍ਹ ਪੁਰਖ ਲੈ ਆਉ। ਗੁਰੂ ਨਾਨਕ ਜੀ ਦੀ ਕਿਰਪਾ ਸਦਕਾ ਉਹ ਵੀ ਗੀਤਾ ਦੇ ਅਰਥ ਕਰ ਦੇਵੇਗਾ।

ਕੁਝ ਝਿਜਕ ਪਿੱਛੋਂ ਪੰਡਿਤ ਜੀ ਦਰਬਾਰ ਵਿਚੋਂ ਚਲੇ ਗਏ ਤੇ ਇਕ ਗੁੰਗੇ ਤੇ ਬੋਲ਼ੇ ਪੁਰਸ਼, ਜਿਸ ਦਾ ਨਾਮ ਸਿੱਖ ਇਤਿਹਾਸ ਵਿਚ 'ਛੱਜੂ ਝੀਵਰ' ਲਿਖਿਆ ਹੈ, ਲੈ ਕੇ ਮੁੜ ਆਏ। ਸਤਿਗੁਰੂ ਜੀ ਨੇ ਛੱਜੂ ਰਾਮ ਨੂੰ ਆਪਣੇ ਪਾਸ ਬਿਠਾ ਕੇ ਉਸ ਦੇ ਸਿਰ 'ਤੇ ਆਪਣੇ ਹੱਥ ਵਾਲੀ ਸੋਟੀ ਛੁਹਾ ਦਿੱਤੀ ਜਿਸ ਨਾਲ ਛੱਜੂ ਰਾਮ ਦੇ ਕਪਾਟ ਖੁਲ੍ਹ ਗਏ ਅਤੇ ਉਸ ਨੂੰ ਪੂਰਨ ਗਿਆਨ ਪ੍ਰਾਪਤ ਹੋ ਗਿਆ।

ਸਤਿਗੁਰੂ ਜੀ ਨੇ ਫੁਰਮਾਇਆ, "ਲਓ ਪੰਡਿਤ ਜੀ, ਹੁਣ ਬੋਲੋ ਸਲੋਕ ਤੇ ਛੱਜੂ ਰਾਮ ਜੀ ਉਸ ਦੇ ਕਰਨਗੇ ਅਰਥ।" ਪੰਡਿਤ ਜੀ ਨੇ ਸਲੋਕ ਬੋਲਿਆ ਤਾਂ ਛੱਜੂ ਰਾਮ ਜੀ ਨੇ ਇਕ ਵਿਦਵਾਨ ਪੰਡਿਤ ਵਾਂਗ ਪਹਿਲਾਂ ਉਸ ਦਾ ਸ਼ਬਦ-ਅਰਥ ਤੇ ਫੇਰ ਭਾਵ-ਅਰਥ ਕਰ ਕੇ ਸੁਣਾਇਆ।

ਸਤਿਗੁਰੂ ਜੀ ਦੀ ਪ੍ਰਤੱਖ ਅਧਿਆਤਮਿਕ ਸ਼ਕਤੀ ਵੇਖ ਕੇ ਪੰਡਿਤ ਜੀ ਗੁਰੂ ਜੀ ਦੇ ਪੈਰੀਂ ਪੈ ਗਏ ਅਤੇ ਆਪਣੀ ਗ਼ਲਤੀ ਦੀ ਖਿਮਾ ਮੰਗੀ ਅਤੇ ਸੱਚੇ ਹਿਰਦੇ ਨਾਲ ਪਸਚਾਤਾਪ ਕੀਤਾ। ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਹਿਰਦੇ ਦੀ ਸਫ਼ਾਈ ਹਿਤ ਵਾਹਿਗੁਰੂ ਦਾ ਸਿਮਰਨ ਕਰੋ। ਨਿਮਰਤਾ ਵਾਸਤੇ ਮਨੁੱਖਤਾ ਦੀ ਸੇਵਾ ਕਰੋ। ਅਹੰਕਾਰ ਅਤੇ ਮੋਹ ਦਾ ਤਿਆਗ ਕਰੋ।

ਸੂਰਜ ਪ੍ਰਕਾਸ਼ ਅਨੁਸਾਰ ਇਹ ਵਾਕਿਆ ਕੁਰੂਕਸ਼ੇਤਰ ਵਿਚ ਪਰ ਮਹਾਨ ਕੋਸ਼ ਅਨੁਸਾਰ, ਜ਼ਿਲ੍ਹਾ ਅੰਬਾਲਾ ਦੇ ਸਥਾਨ ਪੰਜੋਖਰਾ ਵਿਖੇ ਵਾਪਰਿਆ, ਜਿਥੇ ਕਿ ਇਸ ਯਾਦ ਨਾਲ ਸਬੰਧਤ ਗੁਰਦੁਆਰਾ ਸਾਹਿਬ ਵੀ ਸ਼ੋਭਾ ਪਾ ਰਿਹਾ ਹੈ।

ਪੰਡਿਤ ਜੀ ਨੇ ਸਿੱਖੀ ਧਾਰਨ ਕੀਤੀ। ਨਗਰ ਨਿਵਾਸੀ ਸਤਿਗੁਰੂ ਜੀ ਦੇ ਚਰਨੀਂ ਲੱਗੇ ਅਤੇ ਭਾਈ ਛੱਜੂ ਰਾਮ ਘਰ ਤਿਆਗ ਕੇ ਗੁਰੂ ਘਰ ਜੋਗਾ ਹੀ ਹੋ ਗਿਆ ਅਤੇ ਗੁਰੂ ਦੀ ਕਿਰਪਾ ਸਦਕਾ ਬ੍ਰਹਮ ਗਿਆਨੀ ਹੋ ਕੇ ਕਰਤਾਰ ਦਾ ਭਜਨ ਕਰਨ ਲੱਗਾ।

ਆਪਣੇ ਸਰੀਰਕ ਜਾਮੇ ਦੌਰਾਨ ਗੁਰੂ ਜੀ ਨੇ, ਗੁਰੂ ਨਾਨਕ ਪਾਤਿਸ਼ਾਹ ਵੱਲੋਂ ਚਲਾਈ ਹੋਈ ਮਨੁੱਖੀ ਉਧਾਰ ਦੀ ਪ੍ਰੰਪਰਾ ਨੂੰ, ਸਫਲਤਾ ਸਹਿਤ ਅੱਗੇ ਤੋਰਿਆ।

ਸਿੱਖ ਸੰਗਤਾਂ ਦੀ ਦੋਹਾਂ ਹੀ ਖੇਤਰਾਂ ਵਿਚ ਸੁਚੱਜੀ ਅਗਵਾਈ ਕੀਤੀ। ਸਮੇਂ ਦੇ ਨਿਰੰਕੁਸ਼ ਅਤੇ ਅਤਿ ਜ਼ਾਲਮ ਹਾਕਮ, ਔਰੰਗਜ਼ੇਬ ਨਾਲ ਜ਼ਾਤੀ ਰਸੂਖ਼ ਰੱਖਣ ਵਾਲੇ ਅਤੇ ਅਧਿਆਤਮਿਕ ਸ਼ਕਤੀਆਂ ਦੇ ਮਾਲਕ, ਆਪਣੇ ਵੱਡੇ ਭਰਾ, ਬਾਬਾ ਰਾਮ ਰਾਇ ਜੀ ਦੇ ਵਿਰੋਧ ਦਾ ਸਾਹਮਣਾ ਵੀ, ਆਪ ਜੀ ਨੇ ਬੜੀ ਧੀਰਜ ਨਾਲ ਕੀਤਾ। ਸਮੇਂ ਦੀ ਸਰਕਾਰ ਨਾਲ ਗ਼ਲਤ ਸਮਝੌਤਾ ਵੀ ਨਹੀਂ ਕੀਤਾ ਅਤੇ ਅਜਿਹੇ ਬਿਖੜੇ ਸਮੇ ਸਰਕਾਰ ਤੇ ਸਿੱਖਾਂ ਦਾ ਟਕਰਾ ਵੀ ਨਹੀਂ ਹੋਣ ਦਿੱਤਾ। ਜੇਕਰ "ਨਹਿ ਮਲੇਸ਼ ਕਉ ਦਰਸ਼ਨ ਦੇ ਹੈਂ" ਫ਼ਰਮਾਇਆ ਤਾਂ ਅੰਤ ਸਮੇ ਤੱਕ ਇਸ ਬਚਨ ਨੂੰ ਪੂਰਾ ਕੀਤਾ। ਔਰੰਗਜ਼ੇਬ ਦੀਆਂ ਕਈ ਚਾਲਾਂ ਦੇ ਬਾਵਜੂਦ ਵੀ ਉਸ ਦੇ ਮੱਥੇ ਨਹੀਂ ਲੱਗੇ।

ਆਪ ਜੀ ਦੇ ਦਿੱਲੀ ਨਿਵਾਸ ਦੌਰਾਨ ਮਹਾਂਮਾਰੀ ਚੇਚਕ ਫੈਲ ਗਈ। ਆਪ ਜੀ ਨੇ ਦੁਖੀ ਰੋਗੀਆਂ ਦੀ ਸਹਾਇਤਾ ਕੀਤੀ। ਅਜਿਹੀ ਸੇਵਾ ਅਤੇ ਸਹਾਇਤਾ ਵਾਲੇ ਸਮੇ ਦੌਰਾਨ ਹੀ ਆਪ ਜੀ ਦੇ ਸਰੀਰ 'ਤੇ ਵੀ ਇਸ ਬਿਮਾਰੀ ਨੇ ਵਾਰ ਕਰ ਦਿੱਤਾ। ਮਾਨੋ ਕਿ ਮਨੁੱਖੀ ਦਰਦ ਨੂੰ ਸਮਝ ਕੇ ਦੂਰ ਕਰਨ ਦੀ ਹੁੱਬ ਵਿਚ, ਗੁਰੂ ਜੀ ਨੇ ਲੋਕਾਈ ਦਾ ਕਸ਼ਟ ਵੀ ਆਪਣੇ ਸਰੀਰ ਉਪਰ ਹੀ ਲੈ ਲਿਆ ਹੋਵੇ!

ਅੰਤ ਸਮੇ, ਸਿੱਖਾਂ ਦੇ ਬੇਨਤੀ ਕਰਨ 'ਤੇ, "ਬਾਬਾ ਵਸੇ ਬਕਾਲੇ। ਬਣ ਗੁਰ ਸੰਗਤ ਆਪ ਸੰਭਾਲੇ।" ਵਾਲਾ ਬਚਨ ਕਰ ਕੇ, ਜੋਤੀ ਜੋਤਿ ਸਮਾ ਗਏ। ਆਪ ਜੀ ਕੁੱਲ ੭ ਸਾਲ, ੮ ਮਹੀਨੇ ਤੇ ੨੬ ਦਿਨ, ਇਸ ਸੰਸਾਰ ਵਿਚ ਸੰਸਾਰੀ ਜੀਵਾਂ ਦਾ ਉਧਾਰ ਕਰਦੇ ਹੋਏ, "ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥" (੨੭੮) ਦੇ ਮਹਾਂਵਾਕ ਅਨੁਸਾਰ, ਪ੍ਰਭੂ ਵਿਚ ਅਭੇਦ ਹੋ ਗਏ।

(ਲੇਖਕ ਦੀ ਕ੍ਰਿਤ 'ਸਚਾ ਦਾ ਢੋਆ' ਵਿਚੋਂ)

ਗੁਰੂ ਨਾਨਕ ਦੇਵ ਜੀ

ਕੋਈ ਖਿੱਚ ਸੀ ਤੈਨੂੰ ਲਈਂ ਫਿਰਦੀ,
ਕਦੇ ਜੰਗਲਾਂ ਅਤੇ ਪਹਾੜਾਂ ਦੇ ਵਿੱਚ।
ਕਿਸੇ ਧੂਹ ਦਾ ਧੂਹਿਆ ਜਾਂਵਦਾ ਸੀ,
ਭੱਜ ਭੱਜ ਕੇ ਵਣਾਂ ਉਜਾੜਾਂ ਦੇ ਵਿੱਚ।

ਕਾਹਦੇ ਵਾਸਤੇ ਸਾਗਰ ਤੂੰ ਗਾਹੇ,
ਕਾਹਦੇ ਵਾਸਤੇ ਤਪਦੇ ਰੇਤ ਲੰਘੇ।
ਪੋਹ ਮਾਘ ਦੀ ਠੰਢ ਨਾ ਤੂੰ ਵੇਖੀ,
ਸਿਰੋਂ ਵੇਖੇ ਨਾ ਹਾੜ੍ਹ ਤੇ ਜੇਠ ਲੰਘੇ।

ਭੀਲਾਂ ਨਾਲ ਦੱਸ ਤੇਰਾ ਸੀ ਕੀ ਰਿਸ਼ਤਾ,
ਮਿਲਿਆ ਕੌਡੇ ਨੂੰ ਜੀਹਦੇ ਵਾਸਤੇ ਤੂੰ।
ਜਿਨ੍ਹਾਂ ਉੱਤੋਂ ਸੀ ਲੰਘਣਾ ਬਹੁਤ ਮੁਸ਼ਕਿਲ,
ਸਾਰੇ ਗਾਹ ਮਾਰੇ ਉਹ ਰਾਸਤੇ ਤੂੰ।

ਜਿਸਦੀ ਹਉਮੈ ਸੀ ਚੜ੍ਹੀ ਪਹਾੜ ਉੱਤੇ,
ਉਹਨੂੰ ਪਾਣੀ ਜਿਉਂ ਹੇਠਾਂ ਲਾਹ ਲਿਆ।
ਜਿਹੜਾ ਔਝੜੇ ਔਝੜੇ ਜਾਂਵਦਾ ਸੀ,
ਉਹਨੂੰ ਮੋੜ ਸਿੱਧੇ ਰਾਹੇ ਪਾ ਲਿਆ।

ਕੁਲ੍ਹੀ ਲਾਲੋ ਦੀ ਸੋਹਣਾ ਮਹਿਲ ਦਿੱਸੀ,
ਧੌਲਰ ਭਾਗੋ ਦੇ ਰੜੇ ਮੈਦਾਨ ਦਿੱਸੇ।
ਹਿੰਦੂ, ਮੁਸਲਿਮ, ਨਾ ਕੋਈ ਜੈਨ, ਬੋਧੀ,
ਤੈਨੂੰ ਲੋਕ ਸਭ ਰੱਬੀ ਇਨਸਾਨ ਦਿੱਸੇ।

ਲੱਗੇ ਰੋਗ ਕੋਈ ਤਾਂ ਇਲਾਜ ਖਾਤਰ,
ਰੋਗੀ ਵੈਦ ਕੋਲ ਚੱਲ ਕੇ ਆਂਵਦੇ ਨੇ।
ਨਾਨਕ ਵੈਦ ਵਰਗੇ ਹੋਰ ਵੈਦ ਕਿੱਥੇ?
ਜਿਹੜੇ ਰੋਗੀਆਂ ਕੋਲ ਖੁਦ ਜਾਂਵਦੇ ਨੇ।

ਕਰਮਜੀਤ ਸਿੰਘ ਗਠਵਾਲਾ

28 ਨਵੰਬਰ ਨੂੰ ਅਕਾਲ ਚਲਾਣਾ ਦਿਵਸ ਮੌਕੇ

ਭਾਈ ਮਰਦਾਨਾ ਜੀ

-ਗੁਰਪ੍ਰੀਤ ਸਿੰਘ



ਗੁਰੂ ਨਾਨਕ ਜੀ ਦਾ ਮੁੱਢ ਕਦੀਮ ਦਾ ਸਾਥੀ ਹੋਣ ਕਾਰਨ ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਨੂੰ ਸ਼੍ਰੋਮਣੀ ਸਥਾਨ ਹਾਸਿਲ ਹੋਇਆ ਹੈ। ਭਾਈ ਮਰਦਾਨਾ ਜੀ ਜਾਤ ਦੇ ਮੀਰਾਸੀ ਤੇ ਸੰਗੀਤਕਾਰ ਸਨ। ਭਾਈ ਮਰਦਾਨਾ ਜੀ ਦੇ ਵੱਡੇ-ਵੱਡੇਰੇ ਪੱਠੇਵਿੰਡ ਪਿੰਡ ਤੋਂ ਸਨ। ਇਹ ਪਿੰਡ ਗੁਰੂ ਨਾਨਕ ਦੇਵ ਜੀ ਦੇ ਵੱਡੇ-ਵਡੇਰਿਆਂ ਦਾ ਪੁਰਾਤਨ ਪਿੰਡ ਸੀ।


ਪੱਠੇਵਿੰਡ ਪਿੰਡ ਵਿਚ ਰਜਾਨੀ ਚੌਬੜ ਜਾਤ ਦਾ ਡੂੰਮ ਮੀਰਾਸੀ ਰਹਿੰਦਾ ਸੀ। ਇਹ ਮਰਦਾਨਾ ਜੀ ਦਾ ਪੜਦਾਦਾ ਸੀ। ਜਾਪਦਾ ਹੈ ਕਿ ਰਜਾਨੀ ਦਾ ਲੜਕਾ ਭਾਦੜਾ ਗੁਰੂ ਨਾਨਕ ਦੇਵ ਜੀ ਦੇ ਦਾਦਾ ਸ਼ਿਵਨਾਰਾਇਣ ਨਾਲ ਹੀ ਪੱਠੇਵਿੰਡ ਤੋਂ ਤਲਵੰਡੀ ਰਾਇ ਭੋਇ ਆ ਗਿਆ ਸੀ। ਭਾਦੜਾ ਜੀ ਦੇ ਘਰ ਹੀ ਬਾਦਰਾ ਨਾਮ ਦੇ ਲੜਕੇ ਨੇ ਜਨਮ ਲਿਆ। ਬਾਦਰਾ ਜੀ ਜਦ ਵੱਡੇ ਹੋਏ ਤਾਂ ਉਨ੍ਹਾਂ ਦਾ ਵਿਆਹ ਪਿੰਡ ਨੂਰਖੇੜੀ ਵਿਖੇ ਬੀਬੀ ਲੱਖੋ ਨਾਲ ਹੋਇਆ। ਬੀਬੀ ਲੱਖੋ ਦੀ ਇਕ ਹੋਰ ਭੈਣ ਦੌਲਤਾਂ ਵੀ ਸੀ, ਜਿਸ ਨੇ ਤਲਵੰਡੀ ਵਿਖੇ ਆ ਕੇ ਦਾਈ ਦਾ ਕੰਮ ਸ਼ੁਰੂ ਕੀਤਾ ਸੀ। ਭਾਈ ਮਰਦਾਨਾ ਜੀ ਦਾ ਜਨਮ ਭਾਈ ਬਦਰਾ ਜੀ ਦੇ ਗ੍ਰਹਿ ਵਿਖੇ ਮਾਤਾ ਲੱਖੋ ਦੇ ਉਦਰ ਤੋਂ ੬ ਫਰਵਰੀ ੧੪੫੯ ਈ. ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਜੀ ਤੋਂ ਉਮਰ ਵਿਚ ਦਸ ਸਾਲ ਵੱਡੇ ਸਨ। ਜਦ ਮਰਦਾਨਾ ਜੀ ਜਵਾਨ ਹੋਏ ਤਾਂ ਆਪ ਜੀ ਦਾ ਵਿਆਹ ਬੀਬੀ ਨਜ਼ੀਰਾ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਲੜਕੇ ਸਜ਼ਾਦਾ ਤੇ ਰਜ਼ਾਦਾ ਅਤੇ ਇਕ ਲੜਕੀ ਕਾਕੋ ਨੇ ਜਨਮ ਲਿਆ। ਮਰਦਾਨਾ ਜੀ ਨੇ ਆਪਣੇ ਪਿਤਾ ਜੀ ਦੀ ਜਗ੍ਹਾ ਤੇ ਪਿੰਡ ਦਾ ਕੰਮ ਸੰਭਾਲ ਲਿਆ। ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਖੇ ਸਨ ਅਤੇ ਬਹੁਤ ਸਮਾਂ ਘਰ ਨਾ ਆਏ ਤਾਂ ਗੁਰੂ ਜੀ ਦੇ ਪਿਤਾ ਜੀ ਨੇ ਮਰਦਾਨਾ ਜੀ ਨੂੰ ਗੁਰੂ ਨਾਨਕ ਜੀ ਦਾ ਪਤਾ ਲੈਣ ਭੇਜਿਆ। ਭਾਈ ਮਰਦਾਨਾ ਜੀ ਗੁਰੂ ਜੀ ਕੋਲ ਹੀ ਸੁਲਤਾਨਪੁਰ ਲੋਧੀ ਵਿਖੇ ਟਿਕ ਗਏ। ਇਥੋਂ ਹੀ ਭਾਈ ਫਿਰੰਦੇ ਜੀ ਤੋਂ ਰਬਾਬ ਲੈ ਕੇ ਭਾਈ ਮਰਦਾਨਾ ਜੀ ਗੁਰੂ ਜੀ ਨਾਲ ਉਦਾਸੀਆਂ 'ਤੇ ਨਿਕਲ ਪਏ ਸਨ। ਉਦਾਸੀਆਂ 'ਤੇ ਜਾਣ ਤੋਂ ਪਹਿਲਾ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਤਿੰਨ ਉਪਦੇਸ਼ ਦਿੱਤੇ। ਪਹਿਲਾ ਅੰਮ੍ਰਿਤ ਵੇਲੇ ਸਤਿਨਾਮ ਦਾ ਜਾਪ ਕਰਨਾ, ਦੂਜਾ ਕੇਸ ਕਤਲ ਨਹੀਂ ਕਰਨੇ, ਤੀਜਾ ਲੋੜਵੰਦ ਦੀ ਮਦਦ ਕਰਨੀ। ਭਾਈ ਮਰਦਾਨਾ ਜੀ ਉਚ ਕੋਟੀ ਦੇ ਸੰਗੀਤਕਾਰ ਸਨ। ਉਦਾਸੀਆਂ ਦੇ ਦੌਰਾਨ ਹੀ ਪੰਡਿਤ ਹਰਿਦਾਸ ਨੇ ਭਾਈ ਮਰਦਾਨਾ ਜੀ ਨੂੰ ਗੁਰੂ ਧਾਰਨ ਕੀਤਾ। ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ ਮਰਦਾਨਾ ਜੀ ਦੇ ਸ਼ਾਗਿਰਦ ਸਨ। ਭਾਈ ਮਰਦਾਨਾ ਜੀ ਗੁਰੂ ਜੀ ਨਾਲ ਉਦਾਸੀਆਂ ਦੌਰਾਨ ਪੱਕੇ ਸਾਥੀ ਬਣ ਕੇ ਵਿਚਰੇ।

ਬਾਲਾ ਜਨਮਸਾਖੀ ਅਨੁਸਾਰ ਭਾਈ ਮਰਦਾਨਾ ਜੀ ਨੇ ਕੁਰਮ (ਅਫ਼ਗਾਨਿਸਤਾਨ) ਵਿਖੇ ਸਰੀਰ ਤਿਆਗਿਆ। ਪਰ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ ਉਨ੍ਹਾਂ ਦਾ ਦੇਹਾਂਤ ਕਰਤਾਰਪੁਰ ਵਿਖੇ ਹੋਇਆ। ਗੁਰੂ ਨਾਨਕ ਦੇਵ ਜੀ ਦੇ ਸੰਬੰਧੀਆਂ ਤੇ ਮਿੱਤਰਾਂ ਵਿਚ ਕੋਈ ਵੀ ਭਾਈ ਮਰਦਾਨਾ ਜੀ ਦੀ ਬਰਾਬਰੀ 'ਤੇ ਨਹੀਂ ਖੜੋ ਸਕਦਾ। ਨਿਵੇਕਲਾ ਮਿੱਤਰ ਸੀ ਭਾਈ ਮਰਦਾਨਾ ਜਿਸ ਨੇ ਸਭ ਕੁਝ ਗੁਰੂ ਨਾਨਕ ਜੀ ਤੋਂ ਵਾਰ ਦਿੱਤਾ। ਡਾ. ਸੁਰਿੰਦਰ ਸਿੰਘ ਦੁਸਾਂਝ ਦੇ ਸ਼ਬਦਾਂ ਵਿਚ "ਭਾਈ ਮਰਦਾਨਾ ਤੇਰਾ ਦਿੱਤਾ ਨਾਨਕ ਦੇ ਸਿੱਖਾਂ ਤੋਂ ਮੋੜ ਨਹੀਂ ਹੋਣਾ, ਉਸਦਾ ਮੁੱਲ ਵੀ ਨਹੀਂ ਚੁਕਾਇਆ ਜਾਣਾ, ਜੇ ਤੁਠੈ ਤਾਂ ਇਕ ਕਿਰਪਾ ਕਰਦੇ, ਨਾਨਕ ਦੇ ਸਿੱਖਾਂ ਨੂੰ ਆਪਣਾ ਸਿੱਦਕ ਦੇ ਦੇ ਨਹੀਂ ਤਾਂ ਇਨ੍ਹਾਂ ਸਿੱਖਾਂ ਸਦਕਾ ਤੇਰਾ ਸਾਥੀ, ਤੇਰੇ ਰਹਿਬਰ ਗੁਰੂ ਨਾਨਕ ਦਾ ਸਰੂਪ ਉਹ ਨਹੀਂ ਰਹਿਣਾ, ਜਿਹੜਾ ਤੂੰ ਵੇਖਿਆ ਸੀ।"

15 ਨਵੰਬਰ ਨੂੰ ਸ਼ਹੀਦੀ ਦਿਹਾੜੇ ਮੌਕੇ:

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ

-ਅਵਤਾਰ ਸਿੰਘ



ਮੈਦਾਨ-ਏ-ਜੰਗ ਵਿੱਚ ਕਲਾ ਦੇ ਜੌਹਰ ਦਿਖਾਉਣ ਵਾਲੇ ਬਾਬਾ ਦੀਪ ਸਿੰਘ ਦੀ ਕੁਰਬਾਨੀ ਦੀ ਮਿਸਾਲ ਇਤਿਹਾਸ 'ਚ ਕੋਈ ਹੋਰ ਨਹੀਂ ਮਿਲਦੀ। ਬਾਬਾ ਦੀਪ ਸਿੰਘ ਦਾ ਜਨਮ ੨੭ ਜਨਵਰੀ ੧੬੮੨ ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੁਵਿੰਡ ਵਿੱਚ ਮਾਤਾ ਜਿਉਣੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ।

ਜਦੋਂ ੧੬੯੯ 'ਚ ਦਸਮ ਪਿਤਾ ਨੇ ਆਨੰਦਪੁਰ ਸਾਹਿਬ ਵਿੱਚ ਸਾਰੀ ਸਿੱਖ ਸੰਗਤ ਨੂੰ ਹੁੰਮ-ਹੁੰਮਾ ਕੇ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਆਪਣੇ ਮਾਤਾ-ਪਿਤਾ ਨਾਲ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਏ। ਓਦੋਂ ਹੀ ਉਹ ਅੰਮ੍ਰਿਤ ਦੀ ਦਾਤ ਹਾਸਲ ਕਰ ਕੇ 'ਦੀਪੇ' ਤੋਂ ਦੀਪ ਸਿੰਘ ਬਣ ਗਏ। ਉਨ੍ਹਾਂ ਨਾਲ 'ਬਾਬਾ' ਸ਼ਬਦ ਬਹੁਤ ਬਾਅਦ ਵਿੱਚ ਜੁੜਿਆ। ਉਸ ਸਮੇਂ 'ਬਾਬਾ' ਨਹੀਂ 'ਭਾਈ' ਸ਼ਬਦ ਪ੍ਰਚੱਲਤ ਸੀ। ਕਾਫ਼ੀ ਸਮਾਂ ਉਹ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹੇ। ਉਨ੍ਹਾਂ ਨੇ ਭਾਈ ਮਨੀ ਸਿੰਘ ਨਾਲ ਕਾਫੀ ਸਮਾਂ ਗੁਜ਼ਾਰਿਆ ਤੇ ਇਥੇ ਹੀ ਉਨ੍ਹਾਂ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਇੱਥੇ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਉਹ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਉਤਾਰਾ ਕਰ ਕੇ ਵੱਖ ਵੱਖ ਥਾਵਾਂ 'ਤੇ ਭੇਜਿਆ ਕਰਦੇ ਸਨ ਤਾਂ ਕਿ ਸੰਗਤ ਗੁਰਬਾਣੀ ਨੂੰ ਵੱਧ ਤੋਂ ਵੱਧ ਪੜ੍ਹ ਸਕੇ ਤੇ ਉਸ ਅਨੁਸਾਰ ਆਪਣਾ ਜੀਵਨ ਬਤੀਤ ਕਰ ਸਕੇ।

ਬਾਬਾ ਦੀਪ ਸਿੰਘ ਨੇ ਆਪਣੇ ਨਾਲ ਗੁਰੂਆਂ ਦੀ ਬਾਣੀ ਤੇ ਸ਼ਬਦਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ। ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਵਾਪਸ ਆਪਣੇ ਪਿੰਡ ਆ ਗਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਇਸ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ ਤੇ ਕਿਹਾ ਕਿ ਉਨ੍ਹਾਂ ਦੇ ਹਿੱਸੇ ਹਾਲੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਬਾਕੀ ਹਨ।

ਧੀਰਮੱਲੀਏ ਜਦੋਂ ਦਸਮੇਸ਼ ਪਿਤਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਇਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸੰਗਤ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

੧੭੪੮ ਈ. ਵਿੱਚ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ ੬੫ ਜਥਿਆਂ ਨੂੰ ੧੨ ਮਿਸਲਾਂ 'ਚ ਪੁਨਰਗਠਿਤ ਕੀਤਾ ਤੇ ਉਨ੍ਹਾਂ ੧੨ ਮਿਸਲਾਂ 'ਚੋਂ ਬਾਬਾ ਦੀਪ ਸਿੰਘ ਨੂੰ ਸ਼ਹੀਦ ਮਿਸਲ ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ ੧੭੪੬ ਈ. ਵਿੱਚ ਯਾਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਹੇਠ ਸਿੱਖਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਆਪਣੀ ਫ਼ੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨ੍ਹੂਵਾਨ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

ਸੰਨ ੧੭੫੬ ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਚੌਥਾ ਹਮਲਾ ਕਰ ਕੇ ਕਈ ਸ਼ਹਿਰਾਂ ਨੂੰ ਲੁੱਟਿਆ। ਜਦੋਂ ਉਹ ਭਾਰਤੀ ਔਰਤਾਂ ਨੂੰ ਦਾਸੀਆਂ ਬਣਾ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ 'ਸ਼ਹੀਦ ਮਿਸਲ' ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਪਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਾਮਾਨ ਵਾਪਸ ਹਾਸਲ ਕੀਤਾ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ ੫੦੦ ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰੇ। ਅੰਮ੍ਰਿਤਸਰ ਤਕ ਆਉਂਦਿਆ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜ੍ਹੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ 'ਤੇ ਲਕੀਰ ਖਿੱਚੀ ਤੇ ਕਿਹਾ, "ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ ਉਹ ਇਸ ਲਕੀਰ ਨੂੰ ਪਾਰ ਕਰ ਕੇ ਮੇਰੇ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਲਕੀਰ ਦੇ ਉਸ ਪਾਰ ਰਹਿਣ। (ਅੱਜ ਉਸ ਜਗ੍ਹਾ 'ਤੇ ਗੁਰਦੁਆਰਾ ਲਕੀਰ ਸਾਹਿਬ ਸਥਾਪਿਤ ਹੈ।)

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਘਬਰਾ ਕੇ ਵੀਹ ਹਜ਼ਾਰ ਫੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਗਿਆ। ਸਿੰਘ ਇਸ ਵੇਲੇ ਦਰਬਾਰ ਸਾਹਿਬ ਦੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੰਘ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮੱਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿਚਾਲੇ ਘਮਸਾਣ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ ੭੫ ਸਾਲ ਦੀ ਸੀ ਜਦੋਂ ਕਿ ਜਮਾਲ ਸ਼ਾਹ ਲਗਪਗ ੪੦ ਸਾਲ ਦਾ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਜਮਾਲ ਸ਼ਾਹ ਦੀ ਗਰਦਨ 'ਤੇ ਖੰਡੇ ਦਾ ਵਾਰ ਕੀਤਾ ਤਾਂ ਉਸੇ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ 'ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ।

ਦੋਹਾਂ ਪੱਖਾਂ ਦੇ ਜਰਨੈਲਾਂ ਦੀਆਂ ਗਰਦਨਾਂ ਇੱਕ ਹੀ ਸਮੇਂ ਜ਼ਮੀਨ 'ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਉੱਚੀ ਆਵਾਜ਼ ਵਿੱਚ ਕਿਹਾ, "ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ।" ਮਾਨਤਾ ਮੁਤਾਬਕ ਉਸੇ ਵੇਲੇ ਬਾਬਾ ਜੀ ਉੱਠ ਖੜ੍ਹੇ ਹੋਏ ਅਤੇ ਉਨ੍ਹਾਂ ਆਪਣਾ ਖੰਡਾ ਤੇ ਕੱਟਿਆ ਹੋਇਆ ਸਿਰ ਚੁੱਕ ਲਿਆ। ਦੁਸ਼ਮਣ ਦੀਆਂ ਫ਼ੌਜਾਂ ਨੇ ਜਦੋਂ ਬਾਬਾ ਜੀ ਨੂੰ ਸਿਰ ਹਥੇਲੀ 'ਤੇ ਲੈ ਕੇ ਰਣਭੂਮੀ ਵਿੱਚ ਜੂਝਦੇ ਵੇਖਿਆ ਤਾਂ ਉਹ ਭੱਜ ਗਏ। ਸੈਂਕੜੇ ਹੀ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਆਪਣੇ ਦੋਧਾਰੀ ੧੮ ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਵਿੱਚ ਦਰਬਾਰ ਸਾਹਿਬ ਪਹੁੰਚੇ। ਉਨ੍ਹਾਂ ਪਰਿਕਰਮਾ ਵਿੱਚ ਜਾ ਕੇ ਗੁਰੂ ਘਰ ਨੂੰ ਨਮਸਕਾਰ ਕੀਤਾ ਤੇ ੧੩ ਨਵੰਬਰ ੧੭੫੭ ਨੂੰ ਸ਼ਹੀਦੀ ਪ੍ਰਾਪਤ ਕੀਤੀ।

ਜਿੱਥੇ ਧਰਮ ਓਥੇ ਸੱਭੋ ਕੁਛ

(ਖ਼ਾਲਸਾ ਅਖ਼ਬਾਰ ਲਾਹੌਰ ਦਾ ਇਕ ਸੰਪਾਦਕੀ ਲੇਖ)

–ਗਿਆਨੀ ਦਿੱਤ ਸਿੰਘ

ਸੰਸਾਰ ਦੇ ਸਾਰੇ ਪਦਾਰਥਾਂ ਵਿੱਚੋਂ ਸਭ ਤੇ ਸੁਖਦਾਈ ਅਤੇ ਆਤਮਾ ਦਾ ਸਹਾਇਕ ਕੇਵਲ ਇਕ ਧਰਮ ਹੀ ਹੈ। ਜਿਸ ਕੌਮ ਯਾ ਦੇਸ਼ ਦੇ ਪੁਰਖਾਂ ਨੇ ਧਰਮ ਨੂੰ ਤਿਆਗ ਦਿੱਤਾ ਹੈ ਉਨ੍ਹਾਂ ਨੇ ਕੇਵਲ ਅਪਨੇ ਇਸ ਲੋਗ ਦੇ ਸੁਖਾਂ ਦਾ ਹੀ ਨਾਸ਼ ਨਹੀਂ ਕੀਤਾ, ਕਿੰਤੂ ਉਨ੍ਹਾਂ ਨੇ ਪਰਲੋਕ ਦੇ ਸੁਖਾਂ ਦਾ ਭੀ ਅਪਨੇ ਆਤਮਾ ਸਮੇਤ ਹਾਨੀ ਕਰ ਲਈ ਹੈ। ਰਾਜਾ ਯੁਧਿਸ਼ਟਰ ਜਿਸ ਨੂੰ ਧਰਮ ਤਾਤ ਸੱਦਦੇ ਸਨ ਏਹੋ ਆਖਜਾ ਸਾ ਕਿ ਜਿਸ ਪੁਰਖ ਨੇ ਧਰਮ ਦਾ ਤਿਆਗ ਕਰ ਦਿੱਤਾ ਉਸ ਨੇ ਸਭ ਸੁਖ ਸੰਪਦਾ ਦਾ ਘਾਤ ਕਰ ਦਿੱਤਾ ਹੈ ਅਰ ਜਿਸ ਨੇ ਧਰਮ ਨੂੰ ਰੱਖਿਆ ਹੈ ਉਸ ਨੇ ਸੰਪੂਰਨ ਸੰਪਦਾ ਦੀ ਰੱਖਜਾ ਕੀਤੀ ਹੈ, ਇਸ ਵਾਸਤੇ ਮੈਂ ਧਰਮ ਦਾ ਤਿਆਗ ਨਹੀਂ ਕਰਾਂਗਾ। ਇਸ ਲੋਕ ਵਿਚ ਭੀ ਧਰਮੀ ਪੁਰਖਾਂ ਨੂੰ ਪੁੰਨੀ ਅਤੇ ਅਧਰਮੀ ਨੂੰ ਪਾਪੀ ਸਮਝਦੇ ਹਨ ਜਿਸ ਤੇ ਪੁੰਨੀ ਸ੍ਵਰਗੀ ਅਤੇ ਪਾਪੀ ਨਰਕੀ ਹੁੰਦਾ ਹੈ। ਇਸ ਤੇ ਭੀ ਸਾਫ ਸਾਬਤ ਹੈ ਕਿ ਜਿਸ ਕੌਮ ਦੇ ਆਦਮੀਆਂ ਵਿਚ ਯਾ ਜਿਸ ਕੌਮ ਵਿਚ ਧਰਮ ਨਹੀਂ ਹੈ ਉਹ ਪਾਪੀ ਹੋ ਕੇ ਨਰਕ ਦੀ ਅਧਕਾਰੀ ਹੁੰਦੀ ਹੈ ਅਰ ਜਿਸ ਵਿਚ ਧਰਮ ਦਾ ਭਾਵ ਹੈ ਉਹ ਸਦਾ ਹੀ ਸੁਭਾਗ ਸਮਝੀ ਜਾਂਦੀ ਹੈ ਅਰ ਸਾਰੀਆਂ ਸੁਖ ਸੰਪਦਾ ਉਸ ਕੌਮ ਦੇ ਅੱਗੇ ਦਾਸੀਆਂ ਹੋ ਕੇ ਖੜੀਆਂ ਰਹਿੰਦੀਆਂ ਹਨ। ਇਸ ਪਰ ਇਕ ਕਹਾਣੀ ਹੈ ਜੋ ਸਾਨੂੰ ਦੱਸਦੀ ਹੈ ਕਿ ਧਰਮ ਕੈਸਾ ਉੱਤਮ ਪਦਾਰਥ ਹੈ।

ਆਖਦੇ ਹਨ ਕਿ ਇਕ ਧਨੀ ਪੁਰਖ ਨੇ ਨਗਰ ਵਸਾਇਆ ਸਾ ਅਰ ਉਸ ਨੇ ਇਹ ਧਰਮ ਕਰ ਲੀਤਾ ਸਾ ਕਿ ਮੈਂ ਕਿਸੇ ਬਿਉਪਾਰੀ ਨੂੰ ਨਰਾਸ ਨਹੀਂ ਜਾਨ ਦਿਆਂਗਾ, ਅਰਥਾਤ ਜੋ ਉਸ ਦਾ ਮਾਲ ਮੇਰੇ ਨਗਰ ਦਾ ਕੋਈ ਆਦਮੀ ਭੀ ਨਹੀਂ ਖਰੀਦੇਗਾ ਉਸ ਨੂੰ ਮੈਂ ਖਰੀਦਾਂਗਾ। ਆਖਦੇ ਹਨ ਕਿ ਇਕ ਦਿਨ ਕਿਸੇ ਆਦਮੀ ਨੇ ਇਕ ਮੂਰਤੀ ਬਨਾਈ ਜਿਸ ਦਾ ਨਾਉਂ ਦਾਰਿਦ੍ਰ ਰੱਖਜਾ ਅਰ ਉਸ ਨਗਰ ਵਿਚ ਵੇਚਨੇ ਲਈ ਗਿਆ। ਜਦ ਜਾ ਕੇ ਇਹ ਹੋਕਾ ਦੇਵੇ ਕਿ "ਲੈ ਲੇਵੋ ਦਾਰਿਦ੍ਰ ਤਦ ਇਸ ਨਾਮ ਤੇ ਸਾਰੇ ਘ੍ਰਿਣਾ ਕਰਨ ਅਰ ਆਖਨ ਕਿ ਅਸਾਂ ਨੇ ਦਾਰਿਦ੍ਰ ਘਰ ਵਿਚ ਰੱਖ ਕੇ ਕੰਗਾਲ ਹੋਨਾ ਹੈ, ਜਿਸ ਤੇ ਉਹ ਮੂਰਤੀ ਕਿਸੇ ਨੇ ਭੀ ਨਾ ਖਰੀਦੀ। ਜਦ ਉਹ ਆਦਮੀ ਨਰਾਸ ਹੋ ਕੇ ਮੁੜ ਚਲਿਆ ਤਦ ਉਹ ਸ਼ਾਹੂਕਾਰ ਨੇ ਦੇਖਯਾ ਅਰ ਪੁੱਛਿਆ ਕਿ ਭਾਈ ਤੇਰੀ ਇਹ ਮੂਰਤੀ ਕਿਨੇ ਨਾ ਖਰੀਦੀ। ਉਸਨੇ ਉੱਤ੍ਰ ਦਿੱਤਾ ਕਿ ਮਹਾਰਾਜ ਇਹ ਦਾਰਿੱਦ੍ਰ ਹੈ ਇਸ ਤੇ ਸਾਰੇ ਪਰੇ ਨੱਸਦੇ ਹਨ। ਇਸ ਬਾਤ ਨੂੰ ਸੁਨਕੇ ਸ਼ਾਹੂਕਾਰ ਨੇ ਆਖਜਾ ਕਿ ਭਾਈ ਇਸ ਨੂੰ ਮੈਂ ਖਰੀਦਦਾ ਹਾਂ, ਜਿਸ ਪਰ ਉਸ ਨੇ ਉਸ ਮੂਰਤੀ ਨੂੰ ਖਰੀਦ ਕੇ ਘਰ ਪਹੁੰਚਾ ਦਿੱਤਾ ਅਰ–ਅਪਨਾ ਧਰਮ ਪਾਲਨ ਕੀਤਾ॥

ਆਖਦੇ ਹਨ ਕਿ ਜਦ ਰਾਤ ਪਈ ਤਦ ਪਹਲੇ ਪਹਿਰ ਸ਼ਾਹੂਕਾਰ ਦੇ ਪਾਸ ਭਾਗ ਆਇਆ ਜਿਸ ਨੇ ਕਿਹਾ ਕਿ ਮਹਾਰਾਜ ਸਾਨੂੰ ਹੁਨ ਵਿਦਾ ਦੇਵੋ ਜਿਸ ਪਰ ਉਸ ਨੇ ਪੁੱਛਿਆ ਕਿ ਭਾਈ ਤੁਸੀਂ ਕੌਣ ਹੋ ਜਿਸ ਦਾ ਉੱਤਰ ਉਨ੍ਹਾਂ ਨੇ ਇਹ ਦਿੱਤਾ ਕਿ ਅਸੀਂ ਭਾਗ ਹਾਂ ਅਰ ਆਪ ਨੇ ਘਰ ਵਿਚ ਦਾਰਿੱਦ੍ਰ ਲੈ ਆਂਦਾ ਹੈ ਫਿਰ ਜਿੱਥੇ ਦਾਰਿੱਦ੍ਰ ਹੈ ਓਥੇ ਭਾਗ ਦਾ ਕਿਆ ਕੰਮ ਹੈ, ਇਸ ਵਾਸਤੇ ਹਨ ਅਸੀਂ ਆਪ ਪਾਸੋ ਵਿਦਾ ਹੁੰਦੇ ਹਾਂ, ਇਸ ਬਾਤ ਦਾ ਉੱਤਰ ਸ਼ਾਹੂਕਾਰ ਨੇ ਇਹੋ ਦਿੱਤਾ ਕਿ ਭਾਈ ਮੈਂ ਵੱਡੇ ਆਨੰਦ ਨਾਲ ਤੁਹਾਨੂੰ ਵਿਦਾ ਦੇਂਦਾ ਹਾਂ।

ਜਦ ਦੂਜਾ ਪਹਿਰ ਆਇਆ ਤਦ ਲੱਛਮੀ ਆਈ ਅਰ ਉਸ ਨੇ ਭੀ ਆ ਕੇ ਓਸੇ ਤਰ੍ਹਾਂ ਵਿਦਾ ਮੰਗੀ, ਉਸ ਨੂੰ ਭੀ ਸ਼ਾਹੂਕਾਰ ਨੇ ਜਾਨ ਦਾ ਕਾਰਨ ਪੁੱਛਿਆ, ਜਿਸ ਦਾ ਉੱਤਰ ਉਸ ਨੇ ਭੀ ਏਹੋ ਦਿੱਤਾ ਕਿ ਜਿਸ ਜਗ੍ਹਾ ਦਾਰਿੱਦ੍ਰ ਹੈ ਉਸ ਜਗਾ ਲੱਛਮੀ ਦਾ ਰਹਨਾ ਅਸੰਭਵ ਹੈ ਦੂਸਰਾ ਜਦ ਭਾਗ ਭੀ ਨਾ ਰਹੇ ਫਿਰ ਅਭਾਗ ਪਾਸ ਮੈਂ ਕਿਸ ਤਰ੍ਹਾਂ ਰਹ ਸਕਦੀ ਹਾਂ, ਜਿਸ ਨੂੰ ਸ਼ਾਹੂਕਾਰ ਨੇ ਏਹੋ ਕਿਹਾ ਕਿ ਮੈਂ ਤੈਨੂੰ ਵੱਡੇ ਆਨੰਦ ਨਾ ਵਿਦਾ ਦੇਂਦਾ ਹਾਂ॥

ਫਿਰ ਜਦ ਤੀਜਾ ਪਹਿਰ ਆਇਆ ਤਦ ਯਸ਼ ਅਰਥਾਤ ਕੀਰਤੀ ਆਈ ਅਰ ਆ ਕੇ ਓਸੇ ਤਰ੍ਹਾਂ ਵਿਦਾ ਮੰਗੀ, ਸ਼ਾਹੂਕਾਰ ਨੇ ਉਸ ਨੂੰ ਪੁੱਛਿਆ ਕਿ ਤੈਨੂੰ ਕਿਆ ਦੁਖ ਹੈ ਜਿਸ ਦਾ ਉੱਤਰ ਉਸ ਨੇ ਇਹ ਦਿੱਤਾ ਕਿ ਮਹਾਰਾਜ ਆਪ ਨੇ ਘਰ ਵਿਚ ਦਾਰਿੱਦ੍ਰ ਲੈ ਆਂਦਾ ਹੈ ਜਿਸ ਤੇ ਆਪ ਪਾਸੋਂ ਭਾਗ ਅਤੇ ਲਛਮੀ ਭੀ ਚਲੇ ਗਏ ਹਨ, ਸੋ ਦਾਰਿੱਦ੍ਰੀ ਭਾਗਹੀਨ ਅਤੇ ਨਿਰਧਨ ਦੇ ਪਾਸ ਯਸ਼ ਕਦ ਰਹ ਸਕਦਾ ਹੈ ਇਸ ਵਾਸਤੇ ਮੈਂ ਭੀ ਚਲਜਾ ਹਾਂ, ਸ਼ਾਹੂਕਾਰ ਨੇ ਉਸ ਨੂੰ ਕਿਹਾ ਕਿ ਮੈਂ ਵੱਡੀ ਖੁਸ਼ੀ ਨਾਲ ਤੈਨੂੰ ਜਾਨ ਦੀ ਆਗਿਆ ਦੇਂਦਾ ਹਾਂ।

ਜਦ ਇਹ ਤਿੰਨੇ ਚਲੇ ਗਏ ਤਦ ਚੌਥੇ ਪਹਿਰ ਧਰਮ ਆਇਆ ਅਰ ਓਸੇ ਤਰ੍ਹਾਂ ਵਿਦਾ ਮੰਗੀ ਜਿਸ ਪਰ ਸ਼ਾਹੂਕਾਰ ਨੇ ਉਸ ਤੇ ਜਾਨ ਦਾ ਕਾਰਨ ਪੁੱਛਿਆ ਜਿਸ ਦਾ ਉੱਤਰ ਉਸ ਨੇ ਇਹ ਦਿੱਤਾ ਕਿ ਆਪ ਨੇ ਦਾਰਿੱਦ੍ਰ ਰੱਖ ਲੀਤਾ ਹੈ ਜਿਸ ਤੇ ਭਾਗ, ਲੱਛਮੀ ਅਤੇ ਯਸ਼ ਆਪ ਨੂੰ ਤਿਆਗ ਗਏ ਹਨ ਇਸ ਵਾਸਤੇ ਅਭਾਗ ਨਿਰਧਨ ਅਪਯਸ਼ੀ ਅਤੇ ਦਾਰਿੱਦ੍ਰੀ ਪੁਰਖ ਪਾਸ ਧਰਮ ਕਦ ਰਹ ਸਕਦਾ ਹੈ ਜਿਸ ਤੇ ਮੈਂ ਭੀ ਜਾਣਾ ਚਾਹੁੰਦਾ ਹਾਂ। ਜਦ ਸ਼ਾਹੂਕਾਰ ਨੇ ਇਹ ਬਾਤ ਸੁਨੀ ਤਦ ਹੱਸ ਕੇ ਉੱਤ੍ਰ ਦਿੱਤਾ ਕਿ ਹੇ ਧਰਮ ! ਮੈਂ ਤਾਂ ਤੈਨੂੰ ਰੱਖਜਾ ਹੈ ਜਿਸ ਤੇ ਹੋਰ ਕਿਸੇ ਦੀ ਪਰਵਾਹ ਨਹੀਂ ਕੀਤੀ, ਕਿਉਂਕਿ ਮੇਰਾ ਧਰਮ ਸਾ ਕਿ ਜੋ ਚੀਜ਼ ਕੋਈ ਨਾ ਖਰੀਦੇ ਉਸ ਨੂੰ ਮੈਂ ਖਰੀਦਾਂਗਾ ਸੋ ਇਹ ਦਾਰਿੱਦ੍ਰ ਕਿਸੇ ਨੇ ਨਾ ਖਰੀਦਿਆ ਜਿਸ ਤੇ ਮੈਂ ਅਪਨੇ ਧਰਮ ਨੂੰ ਰੱਖਜਾ ਸੋ ਜਦ ਮੈਂ ਸਭ ਸੰਸਾਰ ਦੇ ਪਦਾਰਥਾਂ ਦਾ ਤਿਆਗ ਕਰਕੇ ਤੈਨੂੰ ਰੱਖਜਾ ਹੈ ਫਿਰ ਕਿਆ ਤੈਨੂੰ ਇਹ ਭਾਉਂਦਾ ਹੈ ਜੋ ਮੈਨੂੰ ਛੱਡ ਜਾਏਂ॥

ਇਸ ਬਾਤ ਨੂੰ ਸੁਨ ਕੇ ਧਰਮ ਵੱਡਾ ਹੀ ਪ੍ਰਸੰਨ ਹੋਇਆ ਅਰ ਸ਼ਾਹੂਕਾਰ ਦਾ ਧੰਨਵਾਦ ਕਰਕੇ ਘਰ ਨੂੰ ਹੀ ਮੁੜਿਆ, ਪ੍ਰੰਤੂ ਉਹ ਤਿੰਨ ਅੱਗੇ ਖੜੇ ਧਰਮ ਨੂੰ ਉਡੀਕ ਰਹੇ ਸਨ, ਪਰ ਜਦ ਉਹ ਨਾ ਆਇਆ ਤਦ ਉਨ੍ਹਾਂ ਨੇ ਦਰਯਾਫਤ ਕੀਤੀ ਕਿ ਉਸ ਨੇ ਸ਼ਾਹੂਕਾਰ ਦੇ ਪਾਲਨ ਕਰਨ ਪਰ ਓਥੇ ਹੀ ਰਹਨਾ ਮਨਜ਼ੂਰ ਕੀਤਾ ਹੈ, ਤਦ ਫਿਰ ਉਨ੍ਹਾਂ ਨੇ ਭੀ ਸੋਚਿਆ ਕਿ ਧਰਮ ਤੇ ਬਿਨਾਂ ਅਸੀਂ ਤਿੰਨੇ ਕਿਸੇ ਕੰਮ ਦੇ ਨਹੀਂ, ਜਿਸ ਤੇ ਪਹਲੇ ਓਸੇ ਤਰ੍ਹਾਂ ਭਾਗ ਆਏ ਅਰ ਸ਼ਾਹੂਕਾਰ ਤੇ ਘਰ ਜਾਨ ਦੀ ਆਯਾ ਮੰਗੀ ਜਿਸ ਪਰ ਉਸ ਨੇ ਕਿਹਾ ਕਿ ਤੁਸੀਂ ਤਾਂ ਮੈਨੂੰ ਦਾਰਿੱਦਰੀ ਜਾਨ ਕੇ ਛੱਡ ਗਏ ਸੇ ਫਿਰ ਹੁਨ ਕਿਉਂ ਆਏ ਹੋ ਜਿਸ ਦਾ ਉੱਤ੍ਰ ਉਨ੍ਹਾਂ ਨੇ ਇਹ ਦਿੱਤਾ ਕਿ ਮਹਾਰਾਜ ਜਿੱਥੇ ਧਰਮ ਓਥੇ ਹੀ ਅਸੀਂ ਰਹੇਂਗੇ, ਫਿਰ ਲਛਮੀ ਆਈ ਅਰ ਘਰ ਜਾਨ ਦੀ ਆਗਿਆ ਮੰਗੀ ਜਿਸ ਪਰ ਉਸ ਨੂੰ ਭੀ ਸ਼ਾਹੂਕਾਰ ਨੇ ਪੁੱਛਿਆ ਕਿ ਤੂੰ ਕਿਉਂ ਮੁੜੀ ਹੈਂ ਉਸ ਨੇ ਭੀ ਇਹ ਕਿਹਾ ਕਿ ਮਹਾਰਾਜ ਜਿੱਥੇ ਧਰਮ ਓਥੇ ਮੈਂ ਰਹਾਂਗੀ, ਜਿਸ ਤੇ ਮਗਰੋਂ ਯਸ਼ ਆਇਆ ਉਸ ਨੇ ਤਾਂ ਏਹੋ ਕਿਹਾ ਕਿ ਜਿਸ ਜਗ੍ਹਾ ਧਰਮ ਨਿਵਾਸ ਕਰਦਾ ਹੈ ਓਥੇ ਹੀ ਮੈਂ ਰਹਿੰਦਾ ਹਾਂ ਇਸ ਵਾਸਤੇ ਮੈਨੂੰ ਆਯਾ ਦੇਵੋ ਜੋ ਘਰ ਜਾਵਾਂ, ਗੱਲ ਕਾਹਦੀ ਜੋ ਦਿਨ ਚੜ੍ਹਦੇ ਤੱਕ ਸਾਰੇ ਹੀ ਮੁੜ ਕੇ ਘਰ ਵਿਚ ਆ ਗਏ॥

ਇਸ ਕਹਾਣੀ ਤੇ ਇਹ ਨਤੀਜਾ ਨਿਕਲਦਾ ਹੈ ਕਿ ਧਰਮ ਦੇ ਸਮਾਨ ਜਗਤ ਵਿਚ ਹੋਰ ਕੋਈ ਭੀ ਵਸਤੂ ਨਹੀਂ ਹੈ ਅਰ ਜਿਸ ਪਾਸ ਧਰਮ ਹੈ ਉਸ ਪਾਸ ਨੌਂ ਨਿਧਾਂ ਅਤੇ ਬਾਰ੍ਹਾਂ ਸਿੱਧਾਂ ਹਨ ਅਰ ਜਿਸ ਵਿਚ ਧਰਮ ਨਹੀਂ ਹੈ ਉਸ ਪਾਸ ਕੁਝ ਭੀ ਨਹੀਂ ਹੈ। ਜਦ ਅਸੀਂ ਇਸ ਕਹਾਣੀ ਦੇ ਭਾਵ ਨੂੰ ਕੌਮਾਂ ਵੱਲ ਲਗਾਉਂਦੇ ਹਾਂ ਤਦ ਇਸ ਦਾ ਫਲ ਪ੍ਰਤੱਖ ਦੇਖਦੇ ਹਾਂ। ਪਹਿਲੇ ਈਸਾਈ ਕੌਮ ਜੋ ਧਰਮ ਪਰ ਪੱਕੀ ਹੈ ਇਸ ਨੇ ਇਸ ਧਰਮ ਦੇ ਹੀ ਪ੍ਰਤਾਪ ਨਾਲ ਇਤਨਾ ਅਰੂਜ ਪਾਇਆ ਹੈ, ਇਸੇ ਤਰ੍ਹਾਂ ਮੁਸਲਮਾਨ ਕੌਮ ਨੇ ਭੀ ਅਪਨੇ ਧਰਮ ਨੂੰ ਅੱਛੀ ਤਰ੍ਹਾਂ ਨਾਲ ਦ੍ਰਿੜ੍ਹ ਰੱਖਜਾ ਹੈ ਜਿਸ ਤੇ ਇਸ ਨੇ ਭੀ ਅਪਨੀ ਵਡਾਈ ਕੁਛ ਘੱਟ ਹਾਸਲ ਨਹੀਂ ਕੀਤੀ, ਇਸੇ ਤਰ੍ਹਾਂ ਜਿਤਨਾ ਚਿਰ ਖਾਲਸਾ ਕੌਮ ਅਪਨੇ ਧਰਮ ਵਿਚ ਪੱਕੀ ਰਹੀ ਉਤਨਾ ਚਿਰ ਇਸ ਦਾ ਸਿਤਾਰਾ ਬੁਲੰਦ ਰਿਹਾ ਅਰ ਇਸ ਨੇ ਦੀਨੀ ਅਤੇ ਦੁਨਿਆਵੀ ਕੰਮ ਨੂੰ ਸਭ ਤੇ ਵਧ ਵਧ ਕੇ ਕੀਤਾ, ਪਰੰਤੂ ਜਦ ਤੇ ਇਸ ਕੌਮ ਨੇ ਧਰਮ ਦਾ ਪੱਲਾ ਛੱਡ ਦਿੱਤਾ ਤਦ ਤੇ ਹੀ ਇਸ ਦੇ ਸੰਸਾਰਕ ਅਤੇ ਪਰਮਾਰਥਕ ਸੁਖਾਂ ਦਾ ਨਾਸ਼ ਹੋ ਗਿਆ ਜਿਸ ਤੇ ਇਹ ਕੌਮ ਧਰਮ ਤੇ ਪਤਿਤ ਹੋਨੇ ਦੇ ਕਾਰਨ ਦਿਨੋਂ ਦਿਨ ਅਧੋਗਤੀ ਨੂੰ ਜਾ ਰਹੀ ਹੈ ਅਰ ਆਸ਼ਾ ਪੈਂਦੀ ਹੈ ਕਿ ਜੇ ਇਸ ਨੇ ਅਪਨੇ ਤਾਈਂ ਨਾ ਸੰਭਾਲਜਾ ਅਤੇ ਧਰਮ ਤੇ ਇਸੀ ਤਰ੍ਹਾਂ ਗਿਰੀ ਰਹੀ ਤਦ ਜੋ ਰਹੀ ਸਹੀ ਭੀ ਗਿੱਲ ਸੁੱਕ ਜਾਏਗੀ, ਇਸ ਵਾਸਤੇ ਐ ਖਾਲਸਾ ਪੰਥ ਦੇ ਪਿਆਰੇ ਸੱਜਨ ਜਨੋਂ ! ਆਪ ਯਾਦ ਕਰੋ ਉਪਰਲੀ ਕਹਾਣੀ ਦੇ ਤਾਤਪਰਜ ਨੂੰ ਅਰ ਧਾਰਨ ਕਰੋ ਧਰਮ ਨੂੰ ਜਿਸ ਤੇ ਤੁਸੀਂ ਸੰਸਾਰ ਪਰ ਹੋਰਨਾਂ ਕੌਮਾਂ ਦੇ ਸਮਾਨ ਸੁਭਾਗ ਹੋ ਕੇ ਰਹੋ। ਆਸ਼ਾ ਹੈ ਜੋ ਸਾਡੇ ਖਾਲਸਾ ਭਾਈ ਇਸ ਮਜ਼ਮੂਨ ਪਰ ਜ਼ਰੂਰ ਹੀ ਖਿਆਲ ਕਰਨਗੇ।

(ਖ਼ਾਲਸਾ ਅਖ਼ਬਾਰ ਲਾਹੌਰ, ੧੪ ਜੂਨ ੧੯੦੧, ਪੰਨਾ ੩-੪)

ਮਰਜ਼ੀ ਮੇਰੀ, ਸ਼ਕਤੀ ਤੇਰੀ

–ਡਾ. ਜਸਵੰਤ ਸਿੰਘ ਨੇਕੀ

ਬੜੀ ਵਾਰ ਸਾਡੀ ਅਰਦਾਸ ਆਪਣੀ ਮਰਜ਼ੀ ਲਈ ਵਾਹਿਗੁਰੂ ਦੀ ਸ਼ਕਤੀ ਨੂੰ ਵਰਤਣ ਦੀ ਨੀਯਤ ਨਾਲ ਕੀਤੀ ਜਾਂਦੀ ਹੈ। ਚਾਹੁੰਦੇ ਅਸੀਂ ਇਹ ਹਾਂ ਕਿ ਮਰਜ਼ੀ ਸਾਡੀ ਹੋਵੇ ਤੇ ਸ਼ਕਤੀ ਵਾਹਿਗੁਰੂ ਦੀ; ਤੇ ਅਰਦਾਸ ਨੂੰ ਇਸ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਾਂ । ਏਹੋ ਹੀ ਨਹੀਂ, ਬਹੁਤੀ ਵਾਰ ਤਾਂ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਜੋ ਕੁਝ ਅਸੀਂ ਚਾਹੀਏ, ਤੁਰਤ ਫੁਰਤ ਹੀ ਹੋ ਜਾਵੇ। ਆਮ ਤੌਰ ਤੇ ਅਸੀਂ ਕਾਹਲੇ ਤੇ ਬੇਸਬਰੇ ਹੋ ਕੇ ਹੀ ਵਾਹਿਗੁਰੂ ਪਾਸ ਆਉਂਦੇ ਹਾਂ। ਕੋਈ ਵੱਡੀ ਲੋੜ ਵਾਪਰ ਗਈ ਹੋਵੇ, ਕੋਈ ਭੀੜਾ ਆਣ ਬਣੀ ਹੋਵੇ, ਕੋਈ ਸੰਕਟ ਪੈ ਗਿਆ ਹੋਵੇ, ਤਾਂ ਅਸੀਂ ਘਬਰਾ ਕੇ ਵਾਹਿਗੁਰੂ ਵਲ ਪਰਤਦੇ ਹਾਂ, ਉਸ ਅੱਗੇ ਤਰਲੇ ਜੋਦੜੀਆਂ ਕਰਦੇ ਹਾਂ ਤੇ ਆਸ ਇਹ ਕਰਦੇ ਹਾਂ ਕਿ ਉਹ ਤੁਰਤ ਵਿਚ ਪੈ ਕੇ ਸੰਕਟ ਟਾਲ ਦੇਵੇਗਾ। ਆਪਣੀ ਬੇਸਬਰੀ ਵਿਚ ਇਹ ਵੀ ਸਮਝ ਬੈਠਦੇ ਹਾਂ ਕਿ ਸਾਡੀ ਅਰਦਾਸ ਦਾ ਸੁਣਿਆ ਜਾਣਾ ਸਾਡਾ ਹੱਕ ਹੈ, ਤੇ ਇਸ ਨੂੰ ਤੁਰਤ ਸੁਣਨਾ ਵਾਹਿਗੁਰੂ ਦਾ ਫ਼ਰਜ਼ । ਫਿਰ ਇਹ ਵੀ ਚਾਹੁੰਦੇ ਹਾਂ, ਰੱਬ ਕਰੇ ਵੀ ਉਂਵ ਹੀ ਜਿਵੇਂ ਅਸਾਂ ਉਸ ਨੂੰ ਆਖਿਆ ਹੈ। ਅਰਦਾਸ ਮੁੱਕੇ ਪਿਛੋਂ ਤੇ ਉਸ ਦਾ ਅਸਰ ਪਹਿਲਾਂ ਸ਼ੁਰੂ ਹੋ ਜਾਵੇ, ਇਹ ਵੀ ਦਿਲ ਅੰਦਰ ਧਾਰਦੇ ਹਾਂ। ਪਰ ਉਡੀਕਦਿਆਂ ਘੜੀਆਂ, ਪਹਿਰ, ਫਿਰ ਦਿਨ ਹਫ਼ਤੇ ਬੀਤਦੇ ਤੁਰੇ ਜਾਂਦੇ ਹਨ, ਪਰ ਹੁੰਦਾ ਕੁਝ ਵੀ ਨਹੀਂ। ਜਿਹੜੀ ਅਪਦਾ ਨੇ ਸਾਨੂੰ ਅਰਦਾਸ ਲਈ ਪ੍ਰੇਰਿਆ ਸੀ ਉਹ ਆਪਣੀ ਕੁਦਰਤੀ ਚਾਲ ਚਲੀ ਜਾਂਦੀ ਹੈ। ਕੋਈ ਦੈਵੀ ਸ਼ਕਤੀ ਬਹੁੜੀ ਕਰਦੀ ਨਹੀਂ ਜਾਪਦੀ। ਬੜੀ ਦਿਲ–ਸ਼ਿਕਨੀ ਹੋਂਦੀ ਹੈ। ਸ਼ਰਧਾ ਨੂੰ ਠੇਸ ਵੱਜਦੀ ਹੈ । 'ਸਾਡੀ ਅਰਦਾਸ ਦਾ ਤਾਂ ਵਾਹਿਗੁਰੂ ਵਲੋਂ ਕੋਈ ਉੱਤਰ ਨਹੀਂ ਆਇਆ । ਉੱਤਰ ਤਾਂ ਆਇਆ, ਪਰ ਅਸਾਂ ਸੁਣਿਆ ਨਹੀਂ। ਅਸੀਂ ਤਾਂ ਕੇਵਲ ਇਕੋ ਉੱਤਰ ਸੁਣਨਾ ਚਾਹੁੰਦੇ ਸਾਂ, ਜੋ ਅਸਾਂ ਆਪ ਵਾਹਿਗੁਰੂ ਨੂੰ ਸੁਝਾਇਆ ਸੀ । ਉਸੇ ਨੂੰ ਅਸੀਂ ਹੁਣ ਤਕ ਉਡੀਕਦੇ ਰਹੇ । ਹੋਰ ਕਿਸੇ ਉੱਤਰ ਨੂੰ ਅਸੀਂ ਪਛਾਣਦੇ ਹੀ ਨਹੀਂ। ਪਰ ਵਾਹਿਗੁਰੂ ਸਾਡੀ ਮਰਜ਼ੀ ਦਾ ਗ਼ੁਲਾਮ ਥੋੜੇ ਹੀ ਹੈ ! ਸਾਡੀਆਂ ਅਰਦਾਸਾਂ ਦਾ ਉਸ ਨੇ ਕੀ ਉੱਤਰ ਦੇਣਾ ਹੈ, ਕਦੋਂ ਦੇਣਾ ਹੈ, ਕਿਵੇਂ ਦੇਣਾ ਹੈ, ਇਹ ਹੱਕ ਤਾਂ ਉਸ ਦੇ ਆਪਣੇ ਪਾਸ ਹੈ।

ਉਸ ਨੇ ਸਾਡੀ ਅਰਦਾਸ ਦਾ ਉੱਤਰ ਤਾਂ ਚਿਰੋਕਣਾ ਦੇ ਦਿੱਤਾ ਸੀ, ਜੇ ਅਸੀਂ ਪਛਾਣ ਸਕਦੇ ਤਾਂ । ਉਸ ਨੇ ਤੇ ਕਿਹਾ, "ਮੇਰੇ ਬੱਚੇ, ਤੈਨੂੰ ਅਰਦਾਸ ਦਾ ਹੱਕ ਹੁਕਮ ਦੀ ਉਲੰਘਣਾ ਲਈ ਨਹੀਂ, ਹੁਕਮ ਦੀ ਪਛਾਣ ਲਈ ਮਿਲਿਆ ਸੀ । ਤੂੰ ਇਸ ਦੀ ਕੁਵਰਤੋਂ ਕਿਉਂ ਕਰ ਰਿਹਾ ਹੈਂ ?" ਪਰ ਇਹ ਉੱਤਰ ਨ ਅਸਾਂ ਸੁਣਿਆ, ਨ ਇਸ ਨੂੰ ਸ੍ਵੀਕਾਰ ਕਰਨ ਲਈ ਤਿਆਰ ਹਾਂ । ਸਾਡੀਆਂ ਅਰਦਾਸਾਂ ਦੇ ਅਨੇਕਾਂ ਐਸੇ ਉੱਤਰ ਸਾਨੂੰ ਵਾਹਿਗੁਰੂ ਵਲੋਂ ਮਿਲਦੇ ਹਨ, ਪਰ ਅਸੀਂ ਉਹਨਾਂ ਨੂੰ ਪਛਾਣਦੇ ਨਹੀਂ। ਅਸੀਂ ਸੋਨਾ ਮੰਗਦੇ ਹਾਂ, ਵਾਹਿਗੁਰੂ ਹੀਰੇ ਭੇਜਦਾ ਹੈ, ਪਰ ਅਸੀਂ ਕੱਚ ਸਮਝ ਕੇ ਸੁਟ ਪਾਂਦੇ ਹਾਂ । ਸਾਨੂੰ ਪਛਾਣ ਜੁ ਕੋਈ ਨਹੀਂ।

'ਲਾਭ' ਦਾ ਸਾਡਾ ਮਾਪ ਹੀ ਹੋਰ ਹੈ। ਅਸੀਂ ਪਦਾਰਥਕ ਫ਼ਾਇਦੇ, ਦੁਨੀਆਵੀ ਮਾਣ ਮਰਤਬੇ ਤੇ ਹੁਕਮ ਹਾਸਲ ਨੂੰ ਹੀ ਲਾਭ ਸਮਝਦੇ ਹਾਂ । ਅਰਦਾਸ ਰਾਹੀਂ ਵਾਹਿਗੁਰੂ ਦੀ ਸ਼ਕਤੀ ਨੂੰ ਵੀ ਇਸੇ 'ਫ਼ਾਇਦੇ' ਵਾਸਤੇ ਵਰਤਣਾ ਲੋਚਦੇ ਹਾਂ । ਪਰ ਵਾਹਿਗੁਰੂ ਮੁਸਕਾ ਰਿਹਾ ਹੁੰਦਾ ਹੈ, ਜਿਵੇਂ ਉਹ ਕਹਿ ਰਿਹਾ ਹੋਵੇ: "ਮੇਰੇ ਬੱਚੇ, ਕੀ ਗੱਲ ਹੈ ਜੋ ਤੂੰ ਨਿੱਤ ਮੱਥੇ ਟੇਕ ਟੇਕ, ਨੱਕ ਰਗੜ ਰਗੜ ਅਰਦਾਸਾਂ ਗੁਜ਼ਾਰਦਾ ਹੈਂ, 'ਪਿਤਾ ਮੈਨੂੰ ਧਨ ਦਿਓ', ? ਮੈਂ ਤੈਨੂੰ ਧਨ ਦਿੱਤਾ, ਤੂੰ ਸਮਝਿਆ ਕੋਈ ਵੱਡੀ ਵਸਤ ਮਿਲ ਗਈ। ਧਨ ਮਿਲਣ ਤੋਂ ਪਹਿਲਾਂ ਮੱਥੇ ਟੇਕਦਾ ਸੈਂ। ਧਨ ਮਿਲਣ ਉਪਰੰਤ

ਆਕੜ ਗਇਓਂ। ਗ਼ਰੀਬਾਂ ਤੇ ਖਿਝਣ ਲਗ ਪਿਆ ਹੈਂ। ਜਾਣਦਾ ਹੈਂ, ਇਹ ਮੈਨੂੰ ਚੰਗਾ ਨਹੀਂ ਲਗਦਾ ?" ਧਨ ਨੇ ਤੈਨੂੰ ਘਟੀਆ ਕਰ ਦਿੱਤਾ ਹੈ। ਤੂੰ ਧਨ ਮੰਗਿਆ, ਮੈਂ ਦਿੱਤਾ; ਪਰ ਤੇਰਾ ਘਟੀਆਪਨ ਨੰਗਾ ਹੋ ਗਿਆ। ਤੂੰ ਕਿਉਂ ਨ ਮੈਥੋਂ ਕੋਈ ਉੱਤਮ ਵਸਤ ਮੰਗੀ ?''

ਜਿਨ੍ਹਾਂ ਨੂੰ ਮੰਗਣਾ ਆਉਂਦਾ ਹੈ, ਉਹ ਅਰਦਾਸ ਵਿਚ ਨਿਗੂਣੀਆਂ ਮੰਗਾਂ ਨਹੀਂ ਮੰਗਦੇ। ਹਰਾਤ ਦੇ ਮਸ਼ਹੂਰ ਸੂਫ਼ੀ ਕਵੀ ਅਨੁਸਾਰੀ ਨੇ ਮੰਗਣ ਲਗਿਆਂ ਕਿਹਾ: ''ਐ ਮੇਰੇ ਰੱਬ ! ਮੈਂ ਤੇਰੇ ਦਰੋਂ ਕੁਝ ਮੰਗਣ ਚੜ੍ਹਿਆ ਹਾਂ। —ਉਹ, ਜੋ ਕਦੇ ਸ਼ਹਿਨਸ਼ਾਹਾਂ ਨੇ ਵੀ ਰੱਲ ਕੇ ਤੇਰੇ ਪਾਸੋਂ ਕਦੇ ਨਹੀਂ ਮੰਗਿਆ। ਉਹ ਸਭ ਲੋੜਾਂ-ਮਾਰੇ ਹਨ ਤੇ ਤੈਥੋਂ ਲੋੜਾਂ ਦੀ ਪੂਰਤੀ ਮੰਗਣ ਆਉਂਦੇ ਹਨ। ਪਰ ਮੈਂ ਕੇਵਲ ਤੈਨੂੰ ਮੰਗਣ ਆਇਆ ਹਾਂ । ਖ਼ੈਰ ਪਾ ਦੇ।" ਗੁਰਮਤਿ ਵਿਚ ਵੀ ਇਹੋ ਮੰਗਣਾ ਸਿਖਾਇਆ ਗਿਆ ਹੈ :

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖੁ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ –ਰਾਮਕਲੀ ਵਾਰ ੫, ਮ:੫

ਅਰਦਾਸ ਵਿਚ ਇਹ ਸਿਖਰ ਦੀ ਮੰਗ ਹੈ !

ਵਲੀਆਂ ਦਾ ਵਲੀ

ਪੰਡਤਾਂ ਦੇ ਸਿਰਾਂ ਉਤੋਂ ਹੌਮੈਂ ਵਾਲੀ ਪੰਡ ਲਾਹਕੇ,
ਠੱਗਾਂ ਨੂੰ ਵੀ ਠੱਗ, ਕਿਵੇਂ ਸੱਜਣ ਬਣਾਈ ਦਾ।
ਜੁਗਤ ਨਾਲ ਜੋਗੀ ਦਾ ਅਜੋਗਪਣ ਦੂਰ ਕਰ,
ਦੱਸ ਦੇਣਾ ਏਦਾਂ, ਜੋਗ ਜੋਗੀਆਂ ਕਮਾਈ ਦਾ।
ਪਾਣੀ ਪਾਣੀ ਪ੍ਰੋਹਤ ਕੀਤੇ ਨਹਿਰ ਕੱਟ ਪਾਣੀ ਵਾਲੀ,
ਸੁਣੀ ਜਾਂ ਕਹਾਣੀ ਪਾਣੀ ਪਿੜ੍ਹਾਂ ਪਿਲਾਈ ਦਾ।
ਸਿਧੋ ! ਮਨ ਸੁਧ ਕਰੋ, ਹੌਮੈਂ ਨਾਲ ਯੁਧ ਕਰੋ,
ਸਾਧੋ ! ਮਨ ਸਾਧੇ ਬਿਨ ਸਾਧ ਨਾ ਸਦਾਈ ਦਾ।
ਨੀਵਿਆਂ ਦੇ ਨਾਲ ਬੈਠ ਨੀਵੇਂ ਹੋ ਕੇ ਨੀਵਿਆਂ ਨੂੰ,
ਅੰਗ ਨਾਲ ਲਾ ਕੇ ਕਿਵੇਂ ਉਚ ਹੈ ਬਣਾਈ ਦਾ।
ਭਾਗੋ ਮੰਦ ਭਾਗੀ ਦੀ ਤਿਆਗ ਸਭ ਖੀਰ ਪੂਰੀ,
ਕੋਧਰੇ ਦੀ ਰੋਟੀ ਜਾ ਕੇ ਲਾਲੋ ਪਾਸ ਖਾਈ ਦਾ।
ਕੈਸੇ ਵਲ ਨਾਲ ਵਲ ਦੂਰ ਕੀਤਾ ਵਲੀ ਦਾ ਵੀ,
ਇਹੋ ਸੀਗਾ ਭਾਵ ਮਰਦਾਨੇ ਦੀ ਦੁਹਾਈ ਦਾ।
ਪੰਜੇ ਦੀ ਨਿਸ਼ਾਨੀ ਤੋਂ ਕਹਾਣੀ ਸਭ ਜਾਣੀ ਜਾਂਦੀ,
ਵਲੀਆਂ ਦੇ ਤਾਈਂ ਕਿਵੇਂ ਸਿੱਧੇ ਰਾਹ ਪਾਈ ਦਾ।
ਵੱਡੀ ਹੋਵੇ ਮਾਨਤਾ ਤੇ ਕਿੰਨਾ ਉਚ ਪੀਰ ਹੋਵੇ,
ਨਫਾ ਸੰਸਾਰ ਨੂੰ ਨਾ ਉਹਦੀ ਉਚਿਆਈ ਦਾ।
ਬੇਰੀ ਨਾਲੋਂ ਬੇਰ ਫੇਰ ਔਣ ਹੱਥ ਖਾਣ ਲਈ,
ਇਕ ਹੱਥ ਨਾਲ ਜਦੋਂ ਡਾਲੀ ਨੂੰ ਝੁਕਾਈ ਦਾ।
ਰੋਕ ਕੇ ਪਹਾੜੀ ਕੋਈ ਇਹ ਤਾਂ ਨਹੀਂ ਸੀ ਦੱਸਣਾ,
ਕਿ
ਐਡੀ ਵਡੀ ਚੀਜ਼ ਕਿਵੇਂ ਹੱਥ ਤੇ ਟਿਕਾਈ ਦਾ।
ਦੱਸਣਾ ਤਾਂ ਇਹੋ ਸੀਗਾ, ਉਹੋ ਫੇਰ ਦੱਸ ਦਿੱਤਾ,
'ਵਲੀਆਂ ਦੇ ਤਾਈਂ ਕਿਵੇਂ ਸਿੱਧੇ ਰਾਹ ਪਾਈ ਦਾ'।
ਸੁਰਤ ਵਾਲਾ ਗੱਡਾ ਤੁਰਤ ਗੱਡ ਜਾਂਦਾ ਗਾਰ ਵਿਚ,
ਭਾਰ ਹੋਵੇ ਹੌਮੈਂ ਦਾ ਜਿ ਦਾਣਾ ਜਿੰਨਾ ਰਾਈ ਦਾ।
ਆਈ ਜਦੋਂ ਹੌਮੈਂ, ਜਾਣ, ਗਿਆ ਮਾਨ, ਗਈ ਸ਼ਾਨ,
ਫੱਕਾ ਚੁਕਾ ਦੇਂਦੀ ਰਹਿਣ ਨਾਹੀਂ ਵਡਿਆਈ ਦਾ।
ਵਲੀ ਕੰਧਾਰੀ ਹੰਕਾਰੀ ਦੀ ਸੁਰਤ ਹਾਰੀ,
ਲਾ ਕੇ ਚੋਟ ਕਾਰੀ ਕੀਕੂੰ ਉਹਨੂੰ ਸ਼ਰਮਾਈ ਦਾ।
ਵਲੀਆਂ ਦਾ ਵਲੀ ਹੀ ਤਾਂ ਭਲੀ ਭਾਂਤ ਦਸੇ ਠੀਕ,
ਵਲੀਆਂ ਦਾ ਵਲ ਕਿਵੇਂ ਕਢ ਕੇ ਵਿਖਾਈ ਦਾ।
ਵਲ ਵਾਲੇ ਵਲੀ ਤੋਂ ਉਹ ਅੱਲਾ ਵਾਲਾ ਵਲੀ ਬਣੇ,
ਇਕ ਪਾਸੋਂ ਪੁੱਟ ਕਿਵੇਂ ਦੂਜੇ ਬੰਨੇ ਲਾਈ ਦਾ।
ਪੀਰਾਂ ਦੇ ਵੀ ਪੀਰ ਤੇ ਫਕੀਰਾਂ ਦੇ ਫਕੀਰ ਵੱਡੇ,
ਵਲੀਆਂ ਦੇ ਵਲੀ ਕੰਮ ਕੀਤਾ ਅਗਵਾਈ ਦਾ।
ਭੋਗੀਆਂ ਦੇ ਭੋਗ ਛੁਡਵਾਏ ਤੇ ਹਟਾਏ ਰੋਗ,
ਅੰਤ ਕੌਣ ਪਾਵੇ ਉਹਦੀ ਕੀਮਤੀ ਦਵਾਈ ਦਾ।
'ਨਾਨਕ' ਦੇ ਬਿਨਾਂ ਨਾ ਅਨਕ ਜਗ ਜਾਣਦਾ ਹੈ,
ਵਲੀਆਂ ਦੇ ਤਾਈਂ ਕਿਵੇਂ ਸਿੱਧੇ ਰਾਹ ਪਾਈ ਦਾ।

ਗੁਰਮੁਖ ਸਿੰਘ ਮੁਸਾਫ਼ਿਰ

ਗੁਰਬਾਣੀ ਦੇ ਪਰਕਾਸ਼ ਵਿੱਚ ਦੀਨ ਦੁਨੀਆ ਤੇਰੀ ਟੇਕ

–ਡਾ. ਸਰੂਪ ਸਿੰਘ ਅਲੱਗ

ਪ੍ਰਮਾਤਮਾ ਦੀ ਹਸਤੀ ਸ਼ਕਤੀ ਸਰਬ ਵਿਆਪਕ ਹੈ। ਦਿਸਦੇ ਅਣਦਿਸਦੇ ਸਾਰੇ ਪਸਾਰੇ ਦਾ ਉਹ ਸਿਰਜਣਹਾਰ ਹੈ, ਚਲਾਉਣਹਾਰ ਹੈ। ਕਾਇਨਾਤ ਦੇ ਜ਼ੱਰੇ ਜ਼ੱਰੇ ਤੇ ਉਸਦਾ ਹੁਕਮ ਚਲਦਾ ਹੈ, ਸਭ ਸੰਸਾਰ ਉਸਦੇ ਓਟ ਆਸਰੇ ਤੇ ਟੇਕ ਵਿੱਚ ਹੀ ਥਿਰ ਹੈ, ਉਸ ਦੀ ਟੇਕ ਨਾ ਹੋਵੇ ਤਾਂ ਕੋਈ ਵੀ ਚੀਜ਼ ਇਕ ਖਿਨ ਪਲ ਲਈ ਵੀ ਟਿਕ ਨਹੀਂ ਸਕਦੀ ਅਤੇ ਉਹ ਖੇਰੂੰ ਖੇਰੂੰ ਹੋ ਕੇ ਫਨਾਹ ਹੋ ਜਾਂਦੀ ਹੈ। ਵੱਡੇ ਵੱਡੇ ਸਮੁੰਦਰ ਤੇ ਪਹਾੜ ਉਸਦੀ ਟੇਕ ਦੇ ਆਸਰੇ ਤੇ ਹੀ ਵੱਡੇ ਲਗਦੇ ਹਨ। ਉਸਦੀ ਜ਼ਰਾ ਟੇਕ ਹਿਲੀ ਨਹੀਂ ਕਿ ਸੁਨਾਮੀ ਲਹਿਰਾਂ ਸਮੁੰਦਰ ਨੂੰ ਉਛਾਲ ਕੇ ਰਖ ਦੇਂਦੀਆਂ ਹਨ ਅਤੇ ਪਹਾੜ ਕੰਬਣ ਲਗ ਪੈਂਦੇ ਹਨ। ਸਾਰੇ ਹੀ ਜਗਤ ਵਿੱਚ ਹੋਈ ਨਿੱਕੀ ਤੋਂ ਨਿੱਕੀ ਚੀਜ਼ ਵੀ ਐਸੀ ਨਹੀਂ ਜਿਸਨੂੰ ਸਿਰਜਣਹਾਰ ਤੋਂ ਵੱਖਰੀ ਕਿਹਾ ਜਾ ਸਕੇ। ਇਹ ਜਗਤ ਦਾ ਤਮਾਸ਼ਾ ਉਸ ਪ੍ਰਭੂ ਪ੍ਰਮਾਤਮਾ ਨੇ ਆਪ ਹੀ ਰਚਿਆ ਹੈ। ਉਹ ਆਪ ਹੀ ਤਮਾਸ਼ਾ ਕਰ ਰਿਹਾ ਹੈ ਅਤੇ ਆਪ ਹੀ ਦੇਖ ਰਿਹਾ ਹੈ, ਆਪ ਹੀ ਨਾਦ ਵਜਾ ਰਿਹਾ ਹੈ ਅਤੇ ਆਪ ਹੀ ਸੁਣ ਸੁਣ ਕੇ ਖ਼ੁਸ਼ ਹੋ ਰਿਹਾ ਹੈ। ਸਭ ਕੁਝ ਉਸ ਦੇ ਹੁਕਮ ਦੇ ਤਾਬੇ ਹੈ ਅਤੇ ਉਸਦੀ ਟੇਕ ਵਿੱਚ ਹੈ। ਇਵੇਂ ਪ੍ਰਮਾਤਮਾ ਨੇ ਕਮਾਲ ਦੀ ਜੁਗਤ ਚਲਾਈ ਹੋਈ ਹੈ ਅਤੇ ਵਿਰੋਧੀ ਤੱਤ ਇਕੱਠੇ ਕੀਤੇ ਪਏ ਹਨ । ਉਸ ਪਾਸ ਅੱਗ ਪਾਣੀ ਦਾ ਸੁਮੇਲ ਹੈ। ਲੱਕੜ ਵਿੱਚ ਅੱਗ ਭਰੀ ਪਈ ਹੈ ਪਰ ਉਹ ਉਸ ਵਿੱਚ ਬਿਲਕੁਲ ਸੁਰੱਖਿਅਤ ਹੈ। ਸਾਰੇ ਜੀਵ ਜੰਤੂ ਇਕ ਪ੍ਰਕਾਰ ਦੀਆਂ ਪ੍ਰਮਾਤਮਾ ਦੀਆਂ ਪੁਤਲੀਆਂ ਹਨ ਜੋ ਉਸਦੀ ਟੇਕ ਅਤੇ ਇਸ਼ਾਰੇ ਉੱਤੇ ਨੱਚਦੀਆਂ ਹਨ। ਇਸ ਬਹੁ ਰੰਗੀ ਸੰਸਾਰ ਵਿੱਚ ਪ੍ਰਮਾਤਮਾ ਦਾ ਪ੍ਰਤਾਪ ਹਰ ਥਾਂ ਮੌਜੂਦ ਹੈ। ਸਭ ਦੇ ਨੱਕਾਂ ਵਿੱਚ ਪ੍ਰਮਾਤਮਾ ਨੇ ਆਪਣੀ ਨੱਥ ਪਾ ਕੇ ਰੱਖੀ ਹੋਈ ਹੈ ਤੇ ਉਸਦੀ ਡੋਰੀ ਉਸਦੇ ਆਪਣੇ ਹੱਥ ਵਿੱਚ ਹੈ। ਇਸ ਲਈ ਸਭ ਨੂੰ ਉਸਦੇ ਹੁਕਮ ਵਿੱਚ ਰਹਿ ਕੇ ਹੀ ਸੁਖ ਸ਼ਾਂਤੀ ਅਤੇ ਸੁਰੱਖਿਆ ਪ੍ਰਾਪਤ ਹੁੰਦੀ ਹੈ।

'ਦੀਨ ਦੁਨੀਆ ਤੇਰੀ ਟੇਕ' ਨਾਮੀ ਇਸ ਨਿੱਕੀ ਜਿਹੀ ਅਤੇ ਬੜੀ ਸਰਲ ਜਹੀ ਪੰਗਤੀ ਵਿੱਚ ਸਾਰੇ ਸੰਸਾਰ ਦੀ ਹਸਤੀ ਦਾ ਤੱਤ ਲੁਕਿਆ ਪਿਆ ਹੈ। ਇਹ ਅਮਰ ਬਚਨ ਹਨ ਜੋ ਮਨੁੱਖ ਨੂੰ ਪ੍ਰਭੂ ਅਰਾਧਨਾ, ਪ੍ਰਭੂ ਪ੍ਰੇਮ ਵਲ ਅਕਰਸ਼ਤ ਕਰਦੇ ਰਹਿੰਦੇ ਹਨ ਅਤੇ ਉਸਨੂੰ ਅਸੀਮ ਪ੍ਰਮਾਤਮਾ ਦੀ ਟੇਕ ਹੇਠ ਬਣਾਈ ਰੱਖਣ ਦੀ ਪ੍ਰੇਰਣਾ ਬਖ਼ਸ਼ਦੇ ਰਹਿੰਦੇ ਹਨ। ਭੈਰਉ ਰਾਗ ਵਿੱਚ ਉਚਾਰਨ ਕੀਤੇ ਗਏ ਆਪਣੇ ਅਨਮੋਲ ਵਿਚਾਰਾਂ ਵਾਲੇ ਇਸ ਸ਼ਬਦ ਵਿੱਚ ਪੰਚਮ ਪਾਤਸ਼ਾਹ ਫਰਮਾਨ ਕਰਦੇ ਹਨ ਕਿ ਹੇ ਸਰਬ ਸ਼ਕਤੀ ਮਾਨ ਅਕਾਲਪੁਰਖ ਪਿਤਾ ਜੀਓ, ਇਸ ਲੋਕ ਤੇ ਪਰਲੋਕ ਵਿੱਚ ਹਰ ਜੀਵ ਜੰਤੂ ਨੂੰ ਆਪ ਜੀ ਦਾ ਹੀ ਓਟ ਆਸਰਾ, ਟੇਕ ਤੇ ਸਹਾਰਾ ਹੈ। ਇਸ ਵਿਕਾਰਾਂ ਨਾਲ ਭਰੇ ਸੰਸਾਰ ਵਿੱਚ ਮਨੁੱਖ ਆਪ ਜੀ ਦੇ ਭਾਣੇ ਤੇ ਹੁਕਮ ਵਿੱਚ ਵਿਚਰ ਕੇ ਹੀ ਇਨ੍ਹਾਂ ਤੋਂ ਬਚਿਆ ਰਹਿ ਸਕਦਾ ਹੈ। ਪ੍ਰਮਾਤਮਾ ਦਾ ਆਸਰਾ ਮਿਲ ਜਾਵੇ ਤਾਂ ਮੌਤ ਦਾ ਭੈ ਮੁਕ ਜਾਂਦਾ ਹੈ ਅਤੇ ਮਾਇਆ ਦੇ ਮੋਹ ਦੀ ਫਾਹੀ ਵੀ ਟੁੱਟ ਜਾਂਦੀ ਹੈ। ਹੇ ਪ੍ਰਭੂ ਜੀ, ਮਨੁੱਖ ਆਪ ਜੀ ਦੀ ਟੇਕ ਵਿੱਚ ਰਹਿਣ ਦੁਆਰਾ ਹੀ ਆਤਮਿਕ ਆਨੰਦ ਮਾਣਦਾ ਹੈ ਅਤੇ ਗੁਰੂ ਵੱਲੋਂ ਬਖ਼ਸ਼ਿਆ ਹੋਇਆ ਆਪ ਜੀ ਦਾ ਨਾਮ ਮੰਤਰ ਧਿਆਉਂਦਾ ਰਹਿੰਦਾ ਹੈ। ਪ੍ਰਮਾਤਮਾ ਦੇ ਨਾਮ ਦੇ ਸਹਾਰੇ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ। ਪ੍ਰਮਾਤਮਾ ਹੀ ਸਭ ਦੀ ਰੱਖਿਆ ਕਰਨ ਦੇ ਸਮਰਥ ਹੈ ਅਤੇ ਮਿਹਰਬਾਨ ਪ੍ਰਭੂ ਪਿਤਾ ਸਾਰੇ ਸੁਖਾਂ ਦਾ ਸਾਗਰ ਹੈ। ਸ਼ਬਦ ਦੇ ਬਚਨ ਇਵੇਂ ਹਨ:

ਤੇਰੀ ਟੇਕ ਰਹਾ ਕਲਿ ਮਾਹਿ॥ ਤੇਰੀ ਟੇਕ ਤੇਰੇ ਗੁਣ ਗਾਹਿ॥
ਤੇਰੀ ਟੇਕ ਨ ਪੋਹੈ ਕਾਲੁ॥ ਤੇਰੀ ਟੇਕ ਬਿਨਸੈ ਜੰਜਾਲੁ॥
ਦੀਨ ਦੁਨੀਆ ਤੇਰੀ ਟੇਕ॥ ਸਭ ਮਹਿ ਰਵਿਆ ਸਾਹਿਬੁ ਏਕ॥ ਰਹਾਉ॥
ਤੇਰੀ ਟੇਕ ਕਰਉ ਆਨੰਦ॥ ਤੇਰੀ ਟੇਕ ਜਪਉ ਗੁਰ ਮੰਤ॥
ਤੇਰੀ ਟੇਕ ਤਰੀਐ ਭਉ ਸਾਗਰੁ॥ ਰਾਖਣਹਾਰੁ ਪੂਰਾ ਸੁਖ ਸਾਗਰੁ॥
ਤੇਰੀ ਟੇਕ ਨਾਹੀ ਭਉ ਕੋਇ॥ ਅੰਤਰਜਾਮੀ ਸਾਚਾ ਸੋਇ॥
ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾ ਊਹਾ ਤੂ ਦੀਬਾਣੁ ॥
ਤੇਰੀ ਟੇਕ ਤੇਰਾ ਭਰਵਾਸਾ॥ ਸਗਲ ਧਿਆਵਹਿ ਪ੍ਰਭ ਗੁਣਤਾਸਾ॥
ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ॥ ਸਿਮਰਿ ਨਾਨਕ ਸਾਚੇ ਗੁਣਤਾਸਾ॥

(ਅੰਗ-੧੧੪੭)

ਪ੍ਰਮਾਤਮਾ ਦੀ ਟੇਕ ਵਿੱਚ ਰਹਿਣ ਨਾਲ ਮਿਲਦੇ ਕਿਤਨੇ ਸੁਖਾਂ ਤੇ ਸਤਿਕਾਰਾਂ ਦਾ ਇਸ ਸ਼ਬਦ ਵਿੱਚ ਵਰਨਣ ਹੈ। ਪਰ ਪਰਮਾਤਮਾ ਦੀ ਟੇਕ ਵਿੱਚ ਬਣੇ ਰਹਿਣ ਲਈ ਪ੍ਰਮਾਤਮਾ ਵੱਲ ਮਹੁੰ ਕਰੀ ਰੱਖਣਾ ਜ਼ਰੂਰੀ ਹੈ, ਉਸਦੀ ਅਰਾਧਨਾ ਵਿੱਚ ਜੁੜਨਾ ਸੁੱਚਾ ਕਰਮ ਹੈ, ਨੇਕ ਗੁਣਾਂ ਦਾ ਧਾਰਨੀ ਹੋਣਾ ਅਤੀ ਜ਼ਰੂਰੀ ਹੈ ਅਤੇ ਸਦਾਚਾਰਕ, ਸਮਾਜਕ ਅਤੇ ਆਤਮਿਕ ਪੱਖੋਂ ਸੁੱਚਾ ਜੀਵਨ ਜੀਣ ਲਈ ਸਭ ਔਗੁਣਾਂ ਦਾ ਤਿਆਗ ਕਰਨਾ ਪ੍ਰਥਮ ਅਵਸ਼ਕਤਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਸ਼ੁੱਧ ਜੀਵਨ ਗ੍ਰਹਿਣ ਕਰਨ ਲਈ ਉਪਦੇਸ਼ ਕਰਦੇ ਹਨ ਕਿ ਸਭ ਤੋਂ ਪਹਿਲੇ ਪਰਾਈ ਨਿੰਦਾ ਦਾ ਤਿਆਗ ਕਰਨਾ ਜ਼ਰੂਰੀ ਹੈ ਤਾ ਕਿ ਮਨ ਹਰ ਕਿਸੇ ਲਈ ਸਦਭਾਵਨਾ ਵਾਲਾ ਬਣਿਆ ਰਹੇ। ਪ੍ਰਮਾਤਮਾ ਦੀ ਟੇਕ ਪ੍ਰਾਪਤ ਕਰਨ ਲਈ ਇਹ ਖੂਬੀ ਸਹਾਈ ਸਿਧ ਹੋ ਸਕਦੀ ਹੈ। ਨਿੰਦਾ ਬਖੀਲੀ ਨੂੰ ਤਿਲਾਂਜਲੀ ਦੇਣ ਨਾਲ ਮਨ ਦੀ ਚਿੰਤਾ ਮੁਕ ਜਾਂਦੀ ਹੈ। ਇਸ ਤੋਂ ਮਗਰੋਂ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣਾ ਜ਼ਰੂਰੀ ਹੈ ਅਤੇ ਲੋਭ ਮੋਹ ਆਦਿ ਨੂੰ ਦੂਰ ਕਰਨਾ ਲਾਜ਼ਮੀ ਹੈ, ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਣ ਨਾਲ ਦੁਨਿਆਵੀ ਮੋਹ ਮਾਇਆ ਤੋਂ ਨਜਾਤ ਮਿਲ ਸਕਦੀ ਹੈ, ਤਿਆਗੀ ਬਿਰਤੀ ਵੀ ਮੋਹ ਮਾਇਆ ਤੋਂ ਛੁਟਕਾਰਾ ਦਵਾ ਦੇਂਦੀ ਹੈ ਅਤੇ ਇਨ੍ਹਾਂ ਖਸਲਤਾਂ ਦੇ ਧਾਰਨੀ ਹੋਣ ਨਾਲ ਰੱਬੀ ਟੇਕ ਪ੍ਰਪੱਕ ਹੁੰਦੀ ਹੈ। ਜੇ ਵਾਹਿਗੁਰੂ ਦੀ ਟੇਕ ਦਾ ਆਨੰਦ ਮਾਣਨਾ ਹੋਵੇ ਤਾਂ ਮਨ ਵਿੱਚੋਂ ਹਰ ਪ੍ਰਕਾਰ ਦੇ ਅਭਿਮਾਨ ਨੂੰ ਛੱਡਣਾ ਅਤੀ ਜ਼ਰੂਰੀ ਹੈ ਕਿਉਂਕਿ ਨਾਮ ਅਤੇ ਅਭਿਮਾਨ ਦੋਨੋਂ ਇਕੱਠੇ ਨਹੀਂ ਨਿਭ ਸਕਦੇ। ਨਾਮ ਸੇਵੀ ਮਨੁੱਖ ਆਪਣੇ ਰਘੂਨਾਥ ਉੱਤੇ ਟੇਕ ਰਖਦਾ ਹੋਇਆ ਨਿਮਰ ਹੁੰਦਾ ਹੈ, ਹਲੀਮ ਤੇ ਸੁਹਿਰਦ ਹੁੰਦਾ ਹੈ, ਦੂਜੇ ਨਾਲ ਪਿਆਰ ਕਰਕੇ ਖ਼ੁਸ਼ੀ ਮਹਿਸੂਸ ਕਰਦਾ, ਉਹ ਮਾਨਵੀ ਸੇਵਾ ਕਰਨ ਨੂੰ ਆਪਣੇ ਧੰਨ ਭਾਗ ਸਮਝਦਾ ਹੈ। ਅਭਿਮਾਨੀ ਪੁਰਸ਼ ਅਜਿਹਾ ਕੁਝ ਨਹੀਂ ਕਰਦਾ, ਉਹ ਤਾਂ ਆਪਣੇ ਮਨ ਦੀ ਮਰਜ਼ੀ ਤੇ ਚਲਦਿਆਂ ਹੋਇਆਂ ਆਪਣੀ ਜ਼ਮੀਰ ਨੂੰ ਵੇਚ ਕੇ ਵੀ ਆਪਣੀ ਹਉਮੈ ਨੂੰ ਉਭਾਰਨ ਵਿੱਚ ਖ਼ੁਸ਼ੀ ਪ੍ਰਾਪਤ ਕਰਦਾ ਰਹਿੰਦਾ ਹੈ ਅਤੇ ਆਪਣੇ ਤਾਣੇ ਬਾਣੇ ਵਿੱਚ ਹੀ ਉਲਝਿਆ ਰਹਿੰਦਾ ਹੈ। ਉਸ ਲਈ ਉੱਚੇ ਸੁੱਚੇ ਇਖਲਾਕ ਦਾ ਕੋਈ ਮੁੱਲ ਨਹੀਂ ਤੇ ਉਹ ਆਪਣੀ ਟੇਕ ਅਤੇ ਆਪਣੇ ਬਲਬੂਤੇ ਤੇ ਚਲ ਕੇ ਆਪਣੀ ਹਸਤੀ ਦੀ ਅਖੌਤੀ ਵਡਿੱਤਣ ਦਾ ਢੰਡੋਰਾ ਦੇਂਦਾ ਫਿਰਦਾ ਹੈ ਤੇ ਉਸੇ ਵਿੱਚ ਹੀ ਗ਼ਲਤਾਨ ਰਹਿੰਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਕਿ:

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥
ਇਨ ਮੈ ਕਛੁ ਤੇਰੋ ਨਹੀਂ ਨਾਨਕ ਕਹਿਓ ਬਖਾਨਿ॥

(ਅੰਗ-੧੪੨੯)

ਪਰ ਇਸਦੇ ਉਲਟ ਪ੍ਰਭੂ ਵਿੱਚ ਟੇਕ ਰੱਖਣ ਵਾਲਾ ਇਹ ਸੋਚਦਾ ਹੈ ਕਿ

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

(ਅੰਗ ੩੯੩)

ਅਜਿਹਾ ਅਭਿਲਾਸ਼ੀ, ਪ੍ਰਭੂ ਦੀ ਟੇਕ ਦੀ ਮਹੱਤਤਾ ਤੋਂ ਵੀ ਅਣਜਾਣ ਨਹੀਂ ਹੈ। ਉਹ ਜਾਣਦਾ ਹੈ:

ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ॥
ਤੇਰੀ ਟੇਕ ਭਰਵਾਸਾ ਤੁਮ੍ਹਰਾ ਜਪਿ ਨਾਮੁ ਤੁਮ੍ਹਾਰਾ ਉਧਰੇ ॥

(ਅੰਗ-੭੪੮)

ਪ੍ਰਮਾਤਮਾ ਦੀ ਸਰਣ ਵਿੱਚ ਆਉਣ ਨਾਲ ਮਨੁੱਖ ਉਧਰ ਸਕਦਾ ਹੈ। ਇਸ ਸ਼ਰਨ ਆਉਣ ਵਿੱਚ ਸੁਖ ਹੀ ਸੁਖ ਹਨ। ਹੁਕਮ ਹੈ:

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥

ਅੱਗ ਬਣ ਕੇ, ਗੁੱਸਾ ਕਰਕੇ, ਕਿਸੇ ਨੂੰ ਸਾੜ ਕੇ, ਸਤਾ ਕੇ ਕਿਸੇ ਨੇ ਪ੍ਰਮਾਤਮਾ ਨੂੰ ਪ੍ਰਾਪਤ ਨਹੀਂ ਕੀਤਾ। ਆਪਣੀ ਹਸਤੀ ਨੂੰ ਫਨਾਹ ਕਰਕੇ ਹੀ ਪ੍ਰਾਪਤੀ ਹੁੰਦੀ ਹੈ। ਅੱਗ ਵਿੱਚ ਜਲ ਕੇ ਰਾਖ ਬਣ ਜਾਣ ਨਾਲ ਹਉਮੈ ਮੁਕ ਜਾਂਦੀ ਹੈ, ਆਪਣੀ ਹਸਤੀ ਵਿਨਾਸ਼ ਹੋਈ ਪ੍ਰਤੀਤ ਹੁੰਦੀ ਹੈ ਫਿਰ ਉਸ ਰਾਖ ਨੂੰ ਲੋਕੀ ਮੱਥੇ ਤੇ ਲਗਾ ਕੇ ਸਤਿਕਾਰ ਬਖ਼ਸ਼ਦੇ ਹਨ, ਇਤਨਾ ਨਿਮਾਣਾ ਬਣ ਕੇ ਹੀ ਪ੍ਰਮਾਤਮਾ ਦੀ ਟੇਕ ਦਾ ਅਧਾਰੀ ਬਣਿਆ ਜਾ ਸਕਦਾ ਹੈ। ਇਸ ਪ੍ਰਥਾਏ ਇਕ ਕਵੀ ਦਾ ਕਥਨ ਹੈ:

ਮਿਟਾ ਦੇ ਅਪਨੀ ਹਸਤੀ ਕੋ ਅਗਰ ਤੂ ਮਰਤਬਾ ਚਾਹੇ ਕਿ ਦਾਨਾ ਖਾਕ ਮੇਂ ਮਿਲ ਕਰ ਗੁਲੇ-ਗੁਲਜ਼ਾਰ ਹੋਤਾ ਹੈ। ਇਸੇ ਪ੍ਰਥਾਏ ਗੁਰਬਾਣੀ ਫਰਮਾਨ ਹੈ:

ਮਨੁ ਤਨੁ ਤੇਰਾ ਧਨੁ ਭੀ ਤੇਰਾ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ॥

(ਅੰਗ-੧੦੬)

ਸਪੱਸ਼ਟ ਹੈ, ਨਿਮਾਣਾ ਹੋ ਕੇ ਹੀ ਟੇਕ ਮਿਲਦੀ ਹੈ:

ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ ਆਨ ਨ ਦੂਜੀ ਜਾਇ॥
ਜਿਉ ਤੂੰ ਰਾਖਹਿ ਤਿਵ ਹੀ ਰਹਣਾ ਤੁਮ੍ਹਰਾ ਪੈਨ੍ਹੈ ਖਾਇ॥

(ਅੰਗ-੧੨੨੩)

ਪ੍ਰਮਾਤਮਾ ਦੀ ਹਸਤੀ ਵਿੱਚ ਟੇਕ ਰੱਖਣ ਵਾਲਾ ਆਪਣੀ ਹਸਤੀ ਨੂੰ ਕਿਸੇ ਵੀ ਗਿਣਤੀ ਵਿੱਚ ਨਹੀਂ ਲਿਆਉਂਦਾ। ਉਹ ਆਪਣੇ ਆਪ ਨੂੰ ਹਰ ਹਾਲ ਵਿੱਚ ਨਿਤਾਣਾ ਤੇ ਤੁਛ ਸਮਝਦਾ ਹੈ ਅਤੇ ਨਿਝੱਕ ਹੋ ਕੇ ਇਹ ਕਬੂਲ ਕਰਦਾ ਹੈ ਕਿ:

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ॥
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥

(ਅੰਗ-੭੦੩)

ਜਿਹੜਾ ਮਨੁੱਖ ਪ੍ਰਮਾਤਮਾ ਦੇ ਦਵਾਰੇ ਤੇ ਡਿੱਗ ਪੈਂਦਾ ਹੈ, ਉਸਦੇ ਦਰ ਦਾ ਹੀ ਓਟ ਆਸਰਾ ਤਕਦਾ ਹੈ, ਕਿਸੇ ਦੁਨਿਆਵੀ ਪ੍ਰਤਿਸ਼ਠਾਵਾਨ ਜਾਂ ਧੇਹਧਾਰੀ ਢੋਂਗੀ ਦੀ ਚਾਪਲੂਸੀ ਜਾਂ ਫੋਕੀ ਵਡਿਆਈ ਵੱਲ ਧਿਆਨ ਨਹੀਂ ਦੇਂਦਾ, ਸੰਸਾਰ ਵਿੱਚ ਪਸਰੀ ਮਾਇਆ ਤੋਂ ਅਲਿਪਤ ਰਹਿੰਦਾ ਹੈ ਉਹੀ ਆਪਣਾ ਜੀਵਨ ਸਫਲ ਕਰਕੇ ਕਾਮਯਾਬ ਪਾਂਧੀ ਵਾਂਗਰਾਂ ਮੰਜ਼ਲਿ-ਮਕਸੂਦ ਤੇ ਅਪੜਦਾ ਹੈ। ਉਹ ਇਹ ਭਲੀ ਪ੍ਰਕਾਰ ਜਾਣਦਾ ਹੈ ਕਿ ਦੀਨ ਦੁਨੀਆ ਜਿਸਦੀ ਟੇਕ

ਵਿੱਚ ਚਲ ਰਹੀ ਹੈ ਉਸਦਾ ਆਸਰਾ ਹੀ ਸੱਚਾ ਆਸਰਾ ਹੈ, ਯੋਗ ਕਰਮ ਹੈ, ਸਫਲ ਪ੍ਰਯਤਨ ਹੈ, ਉੱਤਮ ਕਿਰਿਆ ਹੈ, ਗਾਡੀ ਰਾਹ ਹੈ। ਅਜਿਹਾ ਅਭਿਲਾਸ਼ੀ ਮਾਇਆ ਦੀ ਨੀਂਦ ਵਿੱਚ ਸੋਂਦਾ ਨਹੀਂ ਅਤੇ ਸਦਾ ਸੁਚੇਤ ਰਹਿੰਦਾ ਹੈ। ਉਸਦੇ ਨੇਤਰ ਹਰ ਸਮੇਂ ਹਰ ਪਾਸੇ ਸਿਰਜਣਹਾਰ ਦੇ ਹੀ ਦਰਸ਼ਨ ਦੀਦਾਰੇ ਕਰਦੇ ਹਨ। ਉਹ ਪਸ਼ੂਆਂ, ਪੰਛੀਆਂ ਦੀਆਂ ਅਵਾਜ਼ਾਂ ਵਿੱਚ ਵੀ ਇਲਾਹੀ ਨਾਦ ਦੀ ਹੋਂਦ ਦਾ ਅਹਿਸਾਸ ਤਸੱਵਰ ਕਰਦਾ ਹੈ, ਅਤੇ ਸਭ ਪਾਸੇ ਉਸ ਨੂੰ 'ਤੂੰ ਹੀ ਤੂੰ' ਦੀ ਮਿੱਠੀ ਸੁਰੀਲੀ ਅਵਾਜ਼ ਹੀ ਸੁਣਾਈ ਦੇਂਦੀ ਹੈ। ਪ੍ਰਭੂ ਤੇ ਟੇਕ ਰੱਖਣ ਵਾਲਾ ਵਿਅਕਤੀ, ਸਗਲ ਭਵਨਾਂ ਦੇ ਮਾਲਕ ਪ੍ਰਭੂ ਦੀ ਅਜ਼ੀਮ ਹਸਤੀ ਦਾ ਦੀਵਾਨਾ ਹੈ, ਮਤਵਾਲਾ ਹੈ ਅਤੇ ਸਮਝਦਾ ਹੈ ਕਿ ਸਭ ਪਾਸੇ ਪ੍ਰਭੂ ਦੀ ਹੀ ਜੋਤਿ ਵਿਆਪਕ ਰੂਪ ਵਿੱਚ ਤੇਜਮਾਨ ਹੈ ਅਤੇ ਇਵੇਂ ਉਹ ਕਬੀਰ ਜੀ ਦੇ ਇਨ੍ਹਾਂ ਬਚਨਾਂ ਤੇ ਫੁੱਲ ਚੜਾਉਂਦਾ ਹੈ ਕਿ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥

(ਅੰਗ-੧੩੭੫)

ਇਵੇਂ ਦੀ ਬਿਰਤੀ ਧਾਰਨ ਕਾਰਨ ਨਾਲ ਉਹ ਦੁਖ ਸੁਖ ਤੋਂ ਬੇਨਿਆਜ਼ ਹੋ ਜਾਂਦਾ ਹੈ, ਉੱਚ ਨੀਚ ਦੇ ਝਮੇਲਿਆਂ ਤੋਂ ਉੱਤੇ ਹੋ ਜਾਂਦਾ ਹੈ, ਮੋਰ ਤੇਰ ਦੀ ਦੁਨੀਆ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਪ੍ਰਭੂ ਦੀ ਟੇਕ ਨੂੰ ਕਿਸੇ ਵੀ ਹਾਲਤ ਵਿੱਚ ਬਿਖੜਣ ਨਹੀਂ ਦੇਂਦਾ। ਉਸ ਨੂੰ ਹਰ ਪਾਸੇ ਪ੍ਰਭੂ ਦੇ ਪ੍ਰੇਮ ਪਿਆਰ ਦਾ ਹੀ ਪਸਾਰਾ ਦਿਸਦਾ ਹੈ ਜਿਸ ਵਿੱਚ ਵਿਸਮਾਦੀ ਨਾਦ ਹਨ, ਅਗੰਮੀ ਖ਼ੁਸ਼ੀਆਂ ਹਨ, ਸਦੀਵੀ ਖੇੜੇ ਹਨ, ਅਨੁਪਮ ਦਰਸ਼ਨ ਹਨ ਅਤੇ ਸੁਹਣੇ ਸਜੀਲੇ ਪ੍ਰੀਤਮ ਮਾਹੀ ਦੇ ਦਰਸ਼ਨ ਦੀਦਾਰੇ ਹਨ। ਸਾਰਾ ਸੰਸਾਰ ਉਸਦੇ ਹੁਕਮ, ਉਸ ਦੇ ਭਉ ਅਤੇ ਨਿਜਮ ਵਿੱਚ ਟਿਕਿਆ ਹੋਇਆ ਕਾਰੇ ਲਗਾ ਦਿਸਦਾ ਹੈ।

ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥ (ਅੰਗ-੧੨੯੧)

ਨਾਨਕ ਨਾਨਕ ਦੁਨੀਆਂ ਕਰਦੀ...

ਨਾਨਕ ਨਾਨਕ ਦੁਨੀਆਂ ਕਰਦੀ ਨਾਨਕ ਦੀ ਪਰ ਕੋਈ ਨਾ ਸੁਣਦਾ
ਜਿੱਦਾਂ ਜੀਦ੍ਹਾ ਜੀਅ ਪਿਆ ਚਾਹੇ ਆਪਣਾ-ਆਪਣਾ ਤਾਣਾ ਬੁਣਦਾ

ਬਾਬਰ ਦਾ ਜਾਂ ਜ਼ੁਲਮ ਵੇਖਿਆ ਨਾਨਕ ਬਾਬਰਵਾਣੀ ਆਖੀ
ਰੱਬ ਨੂੰ ਉਨ੍ਹਾਂ ਉਲਾਹਮਾ ਦਿੱਤਾ ਗੁਰੂ ਗ੍ਰੰਥ ਹੈ ਜਿਸਦਾ ਸਾਖੀ
ਦਿਨ ਦੀਹਵੀਂ ਅੱਜ ਜ਼ੁਲਮ ਹੋ ਰਹੇ ਕੌਣ ਜ਼ੁਲਮ ਦੇ ਕੰਡੇ ਚੁਣਦਾ

'ਮਾਣਸ ਖਾਣੇ' ਕਰਨ ਨਿਵਾਜਾਂ ਨਾਲੇ ਵੇਖੇ ਸੰਖ ਪੂਰਦੇ
ਹੱਕ ਸੱਚ ਦੀ ਗੱਲ ਜੇ ਆਖੋ ਅੱਖਾਂ ਕੱਢ ਕੱਢ ਪਏ ਘੂਰਦੇ
ਚਾਪਲੂਸਾਂ ਦੀ ਜੈ ਜੈ ਹੋਵੇ ਗਾਹਕ ਦਿੱਸੇ ਨਾ ਕੋਈ ਗੁਣ ਦਾ

'ਪਤ ਲੱਥੀ' ਤੇ ਫੇਰ ਕੀ ਹੋਇਆ ਪਿੱਠ ਝਾੜ ਕੇ ਦਾਅਵਤ ਖਾਂਦੇ
ਪੱਗ ਲਾਹ ਕੇ ਪਰ੍ਹਾਂ ਸੁੱਟ ਦਿੱਤੀ ਆਪਣੀ ਦਾੜ੍ਹੀ ਆਪ ਮੁਨਾਂਦੇ
ਕਿਸੇ ਦੀ ਭੱਠੀ, ਕਿਸੇ ਦਾ ਝੋਕਾ, ਬੈਠਾ ਜਾਬਰ ਦਾਣੇ ਭੁੰਨਦਾ

ਕਰਮਜੀਤ ਸਿੰਘ ਗਠਵਾਲਾ

ਗੁਰੂ ਨਾਨਕ ਸ਼ਾਹ

ਹੈਂ ਕਹਤੇ ਨਾਨਕ ਸ਼ਾਹ ਜਿਨਹੇਂ ਵਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈਂ ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ, ਉੱਮੀਦ ਸਭੀ, ਬਰ ਲਾਤੇ ਹੈਂ ਦਿਲਖ਼ਵਾਹ ਗੁਰੂ।
ਨਿਤ ਲੁਤਫ਼-ਓ-ਕਰਮ ਸੇ ਕਰਤੇ ਹੈਂ ਹਮ ਲੋਗੋਂ ਕਾ ਨਿਰਬਾਹ ਗੁਰੂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੧।

ਹਰ ਆਨ ਦਿਲੋਂ ਵਿਚ ਯਾਂ ਅਪਨੇ ਜੋ ਧਯਾਨ ਗੁਰੂ ਕਾ ਲਾਤੇ ਹੈਂ।
ਔਰ ਸੇਵਕ ਹੋਕਰ ਉਨਕੇ ਹੀ ਹਰ ਸੂਰਤ ਬੀਚ ਕਹਾਤੇ ਹੈਂ।
ਗੁਰੂ ਅਪਨੀ ਲੁਤਫ਼-ਓ-ਇਨਾਯਤ ਸੇ ਸੁਖ ਚੈਨ ਉਨਹੇਂ ਦਿਖਲਾਤੇ ਹੈਂ।
ਖ਼ੁਸ਼ ਰਖਤੇ ਹੈਂ ਹਰ ਹਾਲ ਉਨਹੇਂ ਸਬ ਤਨ ਕਾ ਕਾਜ ਬਨਾਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੨।

ਜੋ ਆਪ ਗੁਰੂ ਨੇ ਬਖ਼ਸ਼ਿਸ਼ ਸੇ ਇਸ ਖ਼ੂਬੀ ਕਾ ਇਰਸ਼ਾਦ ਕੀਯਾ।
ਹਰ ਬਾਤ ਹੈ ਵਹ ਇਸ ਖ਼ੂਬੀ ਕੀ ਤਾਸੀਰ ਨੇ ਜਿਸ ਪਰ ਸਾਦ ਕੀਯਾ।
ਯਾਂ ਜਿਸ-ਜਿਸ ਨੇ ਉਨ ਬਾਤੋਂ ਕੋ ਹੈ ਧਯਾਨ ਲਗਾਕਰ ਯਾਦ ਕੀਯਾ।
ਹਰ ਆਨ ਗੁਰੂ ਨੇ ਦਿਲ ਉਨਕਾ ਖ਼ੁਸ਼ ਵਕਤ ਕੀਯਾ ਔਰ ਸ਼ਾਦ ਕੀਯਾ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੩।

ਦਿਨ ਰਾਤ ਜਿਨ੍ਹੋਂਨੇ ਯਾਂ ਦਿਲ ਬਿਚ ਹੈ ਯਾਦ ਗੁਰੂ ਸੇ ਕਾਮ ਲੀਯਾ।
ਸਬ ਮਨ ਕੇ ਮਕਸਦ ਭਰ ਪਾਏ ਖ਼ੁਸ਼ ਵਕਤੀ ਕਾ ਹੰਗਾਮ ਲੀਯਾ।
ਦੁਖ-ਦਰਦ ਮੇਂ ਅਪਨਾ ਧਯਾਨ ਲਗਾ ਜਿਸ ਵਕਤ ਗੁਰੂ ਕਾ ਨਾਮ ਲੀਯਾ।
ਪਲ ਬੀਚ ਗੁਰੂ ਨੇ ਆਨ ਉਨਹੇਂ ਖ਼ੁਸ਼ ਹਾਲ ਕੀਯਾ ਔਰ ਥਾਮ ਲੀਯਾ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੪।

ਯਾਂ ਜੋ-ਜੋ ਦਿਲ ਕੀ ਖ਼ਵਾਹਿਸ਼ ਕੀ ਕੁਛ ਬਾਤ ਗੁਰੂ ਸੇ ਕਹਤੇ ਹੈਂ।
ਵਹ ਅਪਨੀ ਲੁਤਫ਼-ਓ-ਸ਼ਫ਼ਕਤ ਸੇ ਨਿਤ ਹਾਥ ਉਨਹੀਂ ਕੇ ਗਹਤੇ ਹੈਂ।
ਅਲਤਾਫ਼ ਸੇ ਉਨਕੇ ਖ਼ੁਸ਼ ਹੋਕਰ ਸਬ ਖ਼ੂਬੀ ਸੇ ਯਹ ਕਹਤੇ ਹੈਂ।
ਦੁਖ ਦੂਰ ਉਨਹੀਂ ਕੇ ਹੋਤੇ ਹੈਂ ਸੌ ਸੁਖ ਸੇ ਜਗ ਮੇਂ ਰਹਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੫।

ਜੋ ਹਰਦਮ ਉਨਸੇ ਧਯਾਨ ਲਗਾ ਉਮੀਦ ਕਰਮ ਕੀ ਧਰਤੇ ਹੈਂ।
ਵਹ ਉਨ ਪਰ ਲੁਤਫ਼-ਓ-ਇਨਾਯਤ ਸੇ ਹਰ ਆਨ ਤਵੱਜੋ ਕਰਤੇ ਹੈਂ।
ਅਸਬਾਬ ਖ਼ੁਸ਼ੀ ਔਰ ਖ਼ੂਬੀ ਕੇ ਘਰ ਬੀਚ ਉਨਹੀਂ ਕੇ ਭਰਤੇ ਹੈਂ।
ਆਨੰਦ ਇਨਾਯਤ ਕਰਤੇ ਹੈਂ ਸਬ ਮਨ ਕੀ ਚਿੰਤਾ ਹਰਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੬।

ਜੋ ਲੁਤਫ਼ ਇਨਾਯਤ ਉਨਮੇਂ ਹੈਂ ਕਬ ਵਸਫ਼ ਕਿਸੀ ਸੇ ਉਨਕਾ ਹੋ।
ਵਹ ਲੁਤਫ਼-ਓ-ਕਰਮ ਜੋ ਕਰਤੇ ਹੈਂ ਹਰ ਚਾਰ ਤਰਫ਼ ਹੈ ਹਾਜ਼ਿਰ ਵੋ।
ਅਲਤਾਫ਼ ਜਿਨ੍ਹੋਂ ਪਰ ਹੈਂ ਉਨਕੇ ਸੌ ਖ਼ੂਬੀ ਹਾਸਿਲ ਹੈਂ ਉਨਕੋ।
ਹਰ ਆਨ 'ਨਜ਼ੀਰ' ਅਬ ਯਾਂ ਤੁਮ ਭੀ ਬਾਬਾ ਨਾਨਕ ਸ਼ਾਹ ਕਹੋ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।੭।

ਨਜ਼ੀਰ ਅਕਬਰਾਬਾਦੀ

Editorial

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

-Gurpreet Singh
Editor

Sri Guru Nanak Dev Ji was the founder of Sikhism and one of the world's great spiritual guides. He showed humanity the path of truth, love, equality, compassion and service. His teachings are a beacon of light for all humanity. Challenging superstition, caste discrimination, religious fanaticism and social injustice, Guru Sahib inspired people to lead honest and virtuous lives.

Sri Guru Nanak Dev Ji was born in 1469 in Rai Bhoi Di Talwandi, now known as Nankana Sahib. His father was Mehta Kalu Ji, and his mother was Mata Tripta Ji. His elder sister, Bebe Nanaki Ji, was the first to recognise his spiritual greatness.

From childhood, Guru Sahib was devoted to remembering God, seeking truth and serving humanity. He emphasised knowledge, truthfulness and righteous deeds over ritual observances. Guru Sahib married Mata Sulakhni Ji, and they had two sons, Baba Sri Chand Ji and Baba Lakhmi Das Ji.

Guru Nanak Dev Ji travelled far and wide to share the message of truth with humanity. These journeys are known as Udasis. During his travels, he engaged in dialogue with people of different faiths, philosophies and communities. He taught that God is One and pervades all creation.

At Kartarpur Sahib, he established a way of life centred on remembering God, earning an honest living and sharing with others. Through Sangat-gathering together in congregation and Pangat-sitting together as equals to share a meal-he promoted equality and fellowship.

Opposition to caste discrimination: Guru Sahib regarded all human beings as equal. His teachings affirm that a person's greatness lies in their deeds, rather than their caste or birth.

Respect for women: Guru Sahib taught that women deserve an honoured place in society. He challenged attitudes that discriminated against them.

Rejection of superstition: Guru Sahib emphasised truthful conduct, compassion, humility and purity of mind over outward displays and rituals.

His sacred hymns convey a clear message of humanity, truthfulness and connection with God. Guru Sahib teaches:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

This means that truth is higher than everything, but living truthfully is higher still.

Sri Guru Nanak Dev Ji gave humanity a philosophy of life that remains just as relevant today. His teachings inspire us to live honestly, help others, respect people of every faith and remain connected with God. Only by putting Guru Sahib's teachings into practice can we create a just, peaceful and equal society.



ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਗਵਾਲੀਅਰ ਦੇ ਕਿਲ੍ਹੇ ਤੋਂ
ਰਾਜਿਆਂ ਨੂੰ ਰਿਹਾ ਕਰਨ ਦਾ ਦ੍ਰਿਸ਼

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਦੀਵਾਲੀ ਦਾ ਦ੍ਰਿਸ਼

